

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 28

October 23, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ  ਸੰਪਰਕ : 916-947-8920  ਫੈਕਸ : 916-238-1393  E-mail : deshdoaba@yahoo.com  ਸੰਪਾਦਕ : ਤਰਸੇਮ ਜਲੰਧਰੀ




ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਯੂਬਾ ਸਿਟੀ ਦੇ ਸਾਲਾਨਾ 40ਵੇਂ ਮਹਾਨ ਨਗਰ ਕੀਰਤਨ ਦੀਆਂ ਸਮੂਹ ਸੰਗਤਾਂ ਨੂੰ ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ।

*ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਸਮਰਪਿਤ ਲੇਖ "ਗੁਰੂ ਨਾਨਕ ਦੀ ਵਿਚਾਰਧਾਰਾ" ਅੰਦਰ ਪੜ੍ਹੋ।*

ਬਾਬਾ ਸਾਹਿਬ ਡਾ. ਅੰਬੇਡਕਰ ਦੇ Great Grand Nephew ਦਾ ਬੇ-ਏਰੀਆ, ਯੂਬਾ ਸਿਟੀ, ਸੈਕਰਾਮੈਂਟੋ ਦਾ ਦੌਰਾ।

*(ਸਬੰਧਤ ਜਾਣਕਾਰੀ ਲਈ ਦੇਖੋ ਸਫਾ 12)*






ਵਾਲਮੀਕ ਸਮਾਜ ਵਲੇਹੋ ਵੱਲੋਂ ਸਤਿਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਨਾਇਆ।
(ਰਿਪੋਰਟ ਦੇਖੋ ਸਫਾ 4 'ਤੇ, ਤਸਵੀਰਾਂ ਦੇਖੋ ਸਫਾ 13-14 'ਤੇ)

## ਕੈਨੇਡਾ ਚੋਣਾਂ ਵਿਚ ਟਰੂਡੋ ਦਾ ਹੱਥ ਉਤੇ, ਜਗਮੀਤ ਸਿੰਘ ਦੀ ਹਮਾਇਤ ਨਾਲ ਬਣੇਗੀ ਸਰਕਾਰ

### ਇਸ ਵਾਰ ਭਾਰਤੀ ਮੂਲ ਦੇ 19 ਉਮੀਦਵਾਰ ਜਿੱਤ ਕੇ ਆਏ

**ਓਟਾਵਾ (ਬਿਊਰੋ)–** ਕੈਨੇਡਾ ਦੀਆਂ 43ਵੀਆਂ ਚੋਣਾਂ 'ਚ ਮੁੜ ਜਸਟਿਨ ਟਰੂਡੋ ਸੱਤਾ 'ਚ ਆ ਗਏ ਹਨ ਪਰ ਚਾਰ ਸਾਲ ਪਹਿਲਾਂ ਸ਼ਾਨਦਾਰ ਬਹੁਮਤ ਹਾਸਿਲ ਕਰ ਕੇ ਸਰਕਾਰ ਬਣਾਉਣ ਵਾਲੀ ਲਿਬਰਲ ਪਾਰਟੀ ਨੂੰ ਇਸ ਵਾਰ ਬਹੁਮਤ ਹਾਸਲ ਨਹੀਂ ਹੋਇਆ ਹੈ। ਜਸਟਿਨ ਟਰੂਡੋ ਦੀ ਅਗਵਾਈ 'ਚ ਪਾਰਟੀ ਹੁਣ ਘੱਟ ਗਿਣਤੀ ਸਰਕਾਰ ਬਣਾਏਗੀ। ਬੀਤੀ ਦੇਰ ਰਾਤ ਆਏ ਚੋਣ ਨਤੀਜਿਆਂ 'ਚ ਲਿਬਰਲ ਪਾਰਟੀ ਨੂੰ 156, ਕੰਜ਼ਰਵੇਟਿਵ ਨੂੰ 121, ਬਲੌਕ ਕਿਊਬੈਕਵਾ ਨੂੰ 32 ਅਤੇ ਐਨਡੀਪੀ ਨੂੰ 25 ਸੀਟਾਂ ਹਾਸਲ ਹੋਈਆਂ ਹਨ। ਗ੍ਰੀਨ ਪਾਰਟੀ 3 ਸੀਟਾਂ ਲੈ ਗਈ ਹੈ। ਬਹੁਮਤ ਹਾਸਲ ਕਰਨ ਵਾਸਤੇ 170 ਸੀਟਾਂ ਦੀ ਲੋੜ ਸੀ ਪਰ ਹੁਣ ਲਿਬਰਲ ਸਰਕਾਰ ਨੂੰ ਕਿਸੇ ਇਕ ਹੋਰ ਰਾਜਨੀਤਕ ਪਾਰਟੀ ਦਾ ਆਸਰਾ ਲੈ ਕੇ ਸਰਕਾਰ ਬਣਾਉਣੀ ਪਵੇਗੀ। ਕੈਲਗਰੀ 'ਚ ਸਾਰੀਆਂ ਸੀਟਾਂ 'ਤੇ ਹੀ ਕੰਜ਼ਰਵੇਟਿਵ ਪਾਰਟੀ ਦਾ ਕਬਜ਼ਾ ਹੋ ਗਿਆ ਹੈ। ਕੈਲਗਰੀ ਫੌਰੈਸਟ ਲੌਨ ਤੋਂ ਕੰਜ਼ਰਵੇਟਿਵ ਉਮੀਦਵਾਰ ਜਸਰਾਜ ਸਿੰਘ ਹੱਲਣ ਨੇ ਆਪਣੇ ਨੇੜਲੇ ਵਿਰੋਧੀ ਲਿਬਰਲ ਪਾਰਟੀ ਦੇ ਡਾ. ਜਗਦੀਸ਼ ਰਾਏ ਆਨੰਦ ਨੂੰ ਹਰਾ ਕੇ ਇਹ ਸੀਟ ਜਿੱਤੀ ਜਦਕਿ ਕੈਲਗਰੀ ਸਕਾਈਵਿਊ ਤੋਂ ਜਗਦੀਪ ਕੌਰ ਸਹੋਤਾ ਨੇ ਲਿਬਰਲ ਉਮੀਦਵਾਰ ਨਿਰਮਲਾ ਨਾਇਡੂ ਨੂੰ ਪਛਾੜ ਕੇ ਸੀਟ ਜਿੱਤ ਲਈ ਹੈ।



**ਭਾਰਤੀ ਮੂਲ ਦੇ 19 ਉਮੀਦਵਾਰ ਜਿੱਤੇ**

ਭਾਰਤੀ ਮੂਲ ਦੇ ਉਮੀਦਵਾਰਾਂ ਦੀ ਪਿਛਲੀ ਵਾਰ ਦੀ ਤਰ੍ਹਾਂ ਇਸ ਵਾਰ ਵੀ ਚੜ੍ਹਤ ਬਦਕਰਾਰ ਰਹੀ ਇਸ ਵਾਰ ਵੀ ਹੁਣ ਤੱਕ ਦੇ ਆਏ ਨਤੀਜਿਆਂ 'ਚ 19 ਭਾਰਤੀ ਮੂਲ ਦੇ ਉਮੀਦਵਾਰ ਜਿੱਤ ਪ੍ਰਾਪਤ ਕਰ ਚੁੱਕੇ ਹਨ ਜਿਨ੍ਹਾਂ 'ਚ ਵੱਡੀ ਗਿਣਤੀ ਪੰਜਾਬੀਆਂ ਦੀ ਹੈ, ਅਗਰ ਪਾਰਟੀ ਦੇ ਮੁਤਾਬਕ ਗੱਲ ਕੀਤੀ ਜਾਵੇ ਤਾਂ ਲਿਬਰਲ ਵੱਲੋਂ ਹੀ ਜਿਆਦਾ ਭਾਰਤੀ ਮੂਲ ਦੇ ਉਮੀਦਵਾਰ ਜਿੱਤੇ ਹਨ। ਇਸ 'ਚ ਖ਼ਾਸ ਗੱਲ ਇਹ ਰਹੀ ਕਿ ਇਨ੍ਹਾਂ ਉਮੀਦਵਾਰਾਂ 'ਚ ਜਿਆਦਾ ਉਹ ਉਮੀਦਵਾਰ ਉਹ ਹਨ ਜੋ ਦੂਜੀ ਵਾਰ ਐਮਪੀ ਚੁਣੇ ਗਏ ਹਨ ਇੱਥੋਂ ਇਹ ਗੱਲ ਸਪਸਟ ਹੈ ਕਿ ਇਨ੍ਹਾਂ ਮੰਤਰੀਆਂ ਦੀ ਕਾਰਗੁਜ਼ਾਰੀ ਪਿਛਲੀ ਸਰਕਾਰ ਸਮੇਂ ਚੰਗੀ ਹੀ ਰਹੀ ਹੋਵੇਗੀ ਜਿਸ ਕਾਰਨ ਲੋਕਾਂ ਨੇ ਇਨ੍ਹਾਂ ਨੂੰ ਦੁਬਾਰਾ ਚੁਣਨ ਦਾ ਸਮਾਂ ਦਿੱਤਾ ਹੈ।

## ਪੰਜਾਬ ਅਤੇ ਹਰਿਆਣਾ ਚੋਣਾਂ 'ਚ 66 ਤੇ ਮਹਾਰਾਸ਼ਟਰ 'ਚ 63 ਫੀਸਦੀ ਪੋਲਿੰਗ

**ਚੰਡੀਗੜ੍ਹ (ਬਿਊਰੋ)–** ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਜਲਾਲਾਬਾਦ, ਦਾਖਾ, ਫਗਵਾੜਾ ਅਤੇ ਮੁਕੇਰੀਆਂ ਦੀਆਂ ਜ਼ਿਮਨੀ ਚੋਣਾਂ ਦੌਰਾਨ ਅੱਜ ਸ਼ਾਮ ਤੱਕ ਵੱਖ-ਵੱਖ ਥਾਵਾਂ 'ਤੇ ਹਾਕਮ ਧਿਰ ਅਤੇ ਵਿਰੋਧੀ ਪਾਰਟੀਆਂ ਦੇ ਵਰਕਰਾਂ ਵਿਚਾਲੇ ਹੋਈਆਂ ਝੜਪਾਂ ਕਾਰਨ ਸਾਰਾ ਦਿਨ ਤਣਾਅ ਵਾਲੀ ਸਥਿਤੀ ਬਣੀ ਰਹੀ।

ਹਰਿਆਣਾ ਤੇ ਮਹਾਰਾਸ਼ਟਰ ਅਸੈਂਬਲੀਆਂ ਲਈ ਵੋਟਾਂ ਦਾ ਅਮਲ ਇੱਕਾ-ਦੁੱਕਾ ਹਿੰਸਕ ਘਟਨਾਵਾਂ ਨੂੰ ਛੱਡ ਕੇ ਅਮਨ ਅਮਾਨ ਨਾਲ ਸਿਰੇ ਚੜ੍ਹ ਗਿਆ। ਹਰਿਆਣਾ ਦੇ 90 ਵਿਧਾਨ ਸਭਾ ਹਲਕਿਆਂ ਲਈ 66.15 ਫੀਸਦ ਵੋਟਾਂ ਪਈਆਂ। ਹਰਿਆਣਾ ਦੇ ਨੂਹ ਵਿੱਚ ਹਿੰਸਾ ਦੀ ਇਕ ਘਟਨਾ ਤੋਂ ਛੁੱਟ ਸਾਰਾ ਚੋਣ ਅਮਲ ਸੁਖੀ ਸਾਂਦੀ ਨਿੱਬੜ ਗਿਆ। ਉਧਰ ਮਹਾਰਾਸ਼ਟਰ ਅਸੈਂਬਲੀ ਦੀਆਂ 288 ਸੀਟਾਂ ਲਈ 63.38 ਫੀਸਦ ਵੋਟਾਂ ਪੋਲ ਹੋਈਆਂ। ਸ਼ਹਿਰੀ ਖੇਤਰਾਂ ਦੇ ਮੁਕਾਬਲੇ ਪੇਂਡੂ ਇਲਾਕਿਆਂ ਵਿੱਚ ਵੋਟਿੰਗ ਦੌਰਾਨ ਵੋਟਰਾਂ 'ਚ ਖਾਸਾ ਉਤਸ਼ਾਹ ਵੇਖਣ ਨੂੰ ਮਿ-ਲਿਆ। ਇਸੇ ਦੌਰਾਨ ਵੱਖ ਵੱਖ ਨਿਊਜ਼ ਚੈਨਲਾਂ ਵੱਲੋਂ ਜਾਰੀ ਐਗਜ਼ਿਟ ਪੋਲ 'ਚ ਭਾਜਪਾ ਨੂੰ ਹਰਿਆਣਾ ਤੇ ਮਹਾਰਾਸ਼ਟਰ 'ਚ ਸਪਸ਼ਟ ਬਹੁਮਤ ਮਿਲਣ ਦਾ ਦਾਅਵਾ ਕੀਤਾ ਗਿਆ ਹੈ। ਇਸ ਦੌਰਾਨ ਜਾਲਨਾ ਜ਼ਿਲ੍ਹੇ ਦੇ ਬਦਨਾਪੁਰ ਅਸੈਂਬਲੀ ਹਲਕੇ ਵਿੱਚ ਭਾਜਪਾ ਤੇ ਐਨਸੀਪੀ ਵਰਕਰਾਂ ਵਿਚਾਲੇ ਹੋਈ ਝੜਪ ਵਿਚ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ। ਉਧਰ ਮਹਾਰਾਸ਼ਟਰ ਦੇ ਰਤਨਾਗਿਰੀ ਤੇ ਭੰਡਾਰਾਂ ਜ਼ਿਲ੍ਹਿਆਂ ਵਿੱਚ ਕਾਂਗਰਸ ਨੇ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ 'ਚ ਨੁਕਸ ਪੈਣ ਦੀ ਸ਼ਿਕਾਇਤ ਵੀ ਕੀਤੀ।



ਵੋਟਾਂ ਪਾਉਣ ਦਾ ਸਮਾਂ ਖ਼ਤਮ ਹੋਣ ਨੇੜੇ ਆਉਂਦਿਆਂ ਹੀ ਦਾਖਾ ਹਲਕੇ ਦੇ ਪਿੰਡ ਜਾਂਗਪੁਰ 'ਚ ਗੋਲੀ ਚੱਲਣ ਨਾਲ ਅਕਾਲੀ ਵਰਕਰ ਗੁਰਪ੍ਰੀਤ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ ਜਿਸ ਨੂੰ ਇਲਾਜ ਲਈ ਲੁਧਿਆਣਾ ਦੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਜਲਾਲਾਬਾਦ ਵਿੱਚ ਵੀ ਕਈ ਪਿੰਡਾਂ 'ਚ ਟਕਰਾਅ ਹੋਣ ਅਤੇ ਅਕਾਲੀਆਂ ਦੇ ਬੂਥ ਤੋੜਨ ਦੀਆਂ ਰਿਪੋਰਟਾਂ ਮਿਲੀਆਂ ਹਨ। ਚੋਣ ਕਮਿਸ਼ਨ ਦੀਆਂ ਰਿਪੋਰਟਾਂ ਮੁਤਾਬਕ ਇਨ੍ਹਾਂ ਚੋਣਾਂ ਦੌਰਾਨ 70 ਫ਼ੀਸਦੀ ਵੋਟਰਾਂ ਨੇ ਆਪਣੇ ਜਮਹੂਰੀ ਹੱਕ ਦੀ ਵਰਤੋਂ ਕੀਤੀ।




MANDEEP SANDHU

SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms, Citizenship, Spouse/Family Petitions, Study Visas

All Kinds of Immigration Forms/Petitions/Visa

ਵੀਜ਼ਾ

WE OPEN 7-DAYS A WEEK

Note: I am not an Immigration Attorney.

msandhu2014@gmail.com

(209-373-3562)

3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS

SINCE 1996

916-912-8842, 916-329-8772

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



6930 65TH STREET # 115 SACRAMENTO CA 95823

Sandeep Jony Bagga



RAMESH SUMAN
Broker Realtor
RCS-D ™

MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539

# ਸਾਧ ਸੰਗਤ ਸਲੇਟ ਯੂਬਾ ਸਟਰ (ਕੈਲੇਫੋਰਨੀਆ)

**ਸਿੱਖ ਟੈਂਪਲ (ਗੁਰਦੁਆਰਾ ਸਾਹਿਬ) ਟਾਇਰਾ ਬਿਊਨਾ,ਯੂਬਾ ਸਿਟੀ (ਕੈਲੇਫੋਰਨੀਆ) ਦੇ ਮੌਜੂਦਾ ਬੋਰਡ ਆਫ ਡਾਇਰੈਕਟਰ ਅਤੇ ਸੰਗਤ ਵੱਲੋਂ ਬਹੁਤ ਹੀ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਜੁੱਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਤੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ 40ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ, ਜੋ 3 ਨਵੰਬਰ 2019 ਨੂੰ ਹੋਣ ਜਾ ਰਿਹਾ ਹੈ। ਸਮੂਹ ਗੁਰੂ ਪਿਆਰੀ ਸਾਧ ਸੰਗਤ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਓ ਜੀ।**

ਇਸ ਸ਼ੁਭ ਦਿਹਾੜੇ ’ਤੇ ਹਰ ਸਾਲ ਦੀ ਤਰ੍ਹਾਂ ਨਗਰ ਕੀਰਤਨ ਦੀ ਖੁਸ਼ੀ ਵਿਚ 1 ਨਵੰਬਰ ਦਿਨ ਸ਼ੁੱਕਰਵਾਰ ਨੂੰ ਰਾਤੀ 8 ਵਜੇ ਆਤਿਸ਼ਬਾਜੀ ਕੀਤੀ ਜਾਵੇਗੀ। 2 ਨਵੰਬਰ 2019 ਦਿਨ ਸ਼ਨਿਚਰਵਾਰ ਸਵੇਰੇ 5.30 ਵਜੇ ਅੰਮ੍ਰਿਤ ਸੰਚਾਰ ਆਰੰਭ ਹੋਵੇਗਾ।

ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 2 ਨਵੰਬਰ ਦਿਨ ਸ਼ਨਿਚਰਵਾਰ ਨੂੰ ਸਵੇਰੇ 9 ਵਜੇ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ। ਇਸ ਉਪਰੰਤ 2 ਨਵੰਬਰ ਦਿਨ ਸ਼ਨਿਚਰਵਾਰ ਨੂੰ ਦਸਮੇਸ਼ ਹਾਲ ਵਿਚ ਬਾਅਦ ਦੁਪਹਿਰ ਲੈਕਚਰ ਸੈਸ਼ਨ ਸੈਮੀਨਾਰ ਹੋਵੇਗਾ।

ਇਸ ਮੌਕੇ ਇਸ ਮੌਕੇ ਨਾਮਵਰ ਸਿੱਖ ਬੁੱਧੀਜੀਵੀ ਅਤੇ ਸਿਆਸੀ ਅਤੇ ਸਮਾਜਿਕ ਆਗੂ ਆਪਣੇ ਵਡਮੁੱਲੇ ਵਿਚਾਰ ਰੱਖਣਗੇ।

















Gurnam Singh Pamma, Balbir Singh Sohal, Gurmej Singh Gill, Dalbir Singh Gill, ,Sukhvinder Singh, Kultar Singh, Harbhajan S Dheri, Mohinder S Nijjar, Harnarinderpal Singh Pannu, Balwinder S Samra, Harmandeep S Sandhu, Rashpal Singh Dosanj, Charnjit Singh Chohan, Jathadar Rajinder S Nangalkhunga, Baljit S Dhillon, Balraj S Dhillon, Mandip S Dhillon, Manjit S Dhillon, Mukhtiar S Grewal, Sarwan S Dhillon, Palwinder Mahi, Jaswinder Singh Kang, Gurmit S Gill, Varinder S Badial, Nirmal S Janda, Kuldip Singh Aujla, Kuldip S Kaloty, Avtar S Butter, Dilbag S Deol, Nar S Heer, Master Jagir Singh, Makhan S Kooner, Jagjit S Chotala, Tej Mann, Joga johal, inderjit Singh, gurmeet singh, Surinder Singh, Palwinder Mahi, Mohinder Singh Nijjar And children from guru Ram Das Khalsa School






# Law Office of
# NIRWAN & ASSOCIATES
www.nirwanlaw.com



**Business Incorporation**
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Investor Visas
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

# INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ


WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market


SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com

# Kash FABRICS
ਪੰਜਾਬੀ ਫ਼ੈਸ਼ਨ ਦਾ ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।



KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਪ੍ਰਕਾਸ਼ ਪੁਰਬ: ਸ਼੍ਰੋਮਣੀ ਕਮੇਟੀ ਦੇ ਮੰਚ 'ਤੇ ਹੋਣਗੇ ਮੁੱਖ ਸਮਾਗਮ



**ਅੰਮ੍ਰਿਤਸਰ–** ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਸਾਂਝੇ ਮੰਚ ਤੋਂ ਮਨਾਉਣ ਦੀ ਦੁਬਿਧਾ ਖ਼ਤਮ ਕਰਦਿਆਂ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ 12 ਨਵੰਬਰ ਨੂੰ ਹੋਣ ਵਾਲੇ ਮੁੱਖ ਸਮਾਗਮ ਸ਼੍ਰੋਮਣੀ ਕਮੇਟੀ ਵਲੋਂ ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਬੇਰ ਸਾਹਿਬ 'ਚ ਬਣਾਏ ਮੰਚ ਤੋਂ ਹੋਣਗੇ। ਇਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਵਲੋਂ ਸਿੱਖ ਸੰਗਤ ਦੇ ਸਹਿਯੋਗ ਨਾਲ ਕੀਤਾ ਜਾਵੇਗਾ। ਉਨ੍ਹਾਂ ਪੰਜਾਬ ਸਰਕਾਰ ਸਣੇ ਸਮੂਹ ਸਿੱਖ ਜਥੇਬੰਦੀਆਂ ਨੂੰ ਸੱਦਾ ਦਿੱਤਾ ਕਿ ਉਹ ਉਸ ਦਿਨ ਪੰਥ ਦਾ ਹਿੱਸਾ ਬਣ ਕੇ ਇਸ ਮੰਚ 'ਤੇ ਆਉਣ ਅਤੇ ਗੁਰੂ ਸਾਹਿਬ ਨੂੰ ਅਕੀਦਤ ਭੇਂਟ ਕਰਨ। ਇਹ ਫ਼ੈਸਲਾ ਅੱਜ ਇੱਥੇ ਸ੍ਰੀ ਅਕਾਲ ਤਖ਼ਤ ਦੇ ਜ਼ਮੀਨਦੋਜ਼ ਹਾਲ ਵਿਚ ਸਿੱਖ ਜਥੇਬੰਦੀਆਂ ਦੀ ਸੱਦੀ ਗਈ ਮੀਟਿੰਗ ਦੌਰਾਨ ਕੀਤਾ ਗਿਆ ਹੈ। ਮੀਟਿੰਗ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਹੋਈ। ਇਸ ਮੌਕੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਪੰਜ ਪਿਆਰਿਆਂ ਵਿਚੋਂ ਭਾਈ ਦਿਲਬਾਗ ਸਿੰਘ ਅਤੇ ਭਾਈ ਸੁਖਦੇਵ ਸਿੰਘ ਸ਼ਾਮਲ ਸਨ। ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਸਮੇਤ ਦਮਦਮੀ ਟਕਸਾਲ, ਨਿਹੰਗ ਸਿੰਘ ਜਥੇਬੰ-ਦੀਆਂ ਅਤੇ ਹੋਰ ਸਭਾ ਸੁਸਾਇਟੀਆਂ ਦੇ ਨੁਮਾਇੰਦੇ ਵੀ ਸ਼ਾਮਲ ਸਨ। ਮੀਡੀਆ ਨਾਲ ਗੱਲਬਾਤ ਕਰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਅੱਜ ਮੀਟਿੰਗ ਦੌਰਾਨ ਇਹ ਵਿਚਾਰ ਉੱਭਰ ਕੇ ਸਾਹਮਣੇ ਆਇਆ ਹੈ ਕਿ 550 ਸਾਲਾ ਪ੍ਰਕਾਸ਼ ਪੁਰਬ ਦੇ ਮੁੱਖ ਸਮਾਗਮ ਪੰਥਕ ਮੰਚ ਤੋਂ ਹੀ ਮਨਾਏ ਜਾਣੇ ਚਾਹੀਦੇ ਹਨ। 11 ਅਤੇ 12 ਨਵੰਬਰ ਨੂੰ ਗੁਰਪੁਰਬ ਵਾਲੇ ਦਿਨ ਮੁੱਖ ਸਮਾਗਮ ਸ਼੍ਰੋਮਣੀ ਕਮੇਟੀ ਵਲੋਂ ਗੁਰਦੁਆਰਾ ਬੇਰ ਸਾਹਿਬ ਵਿਚ ਲਾਈ ਗਈ ਸਟੇਜ ਤੋਂ ਹੀ ਹੋਣਗੇ। ਇਹ ਸਮਾਗਮ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਪੰਜ ਸਿੰਘ ਸਾ-ਹਬਾਨਾਂ ਦੀ ਸਰਪ੍ਰਸਤੀ ਵਿਚ ਹੋਣਗੇ। ਸਮਾਗਮਾਂ ਵਿਚ ਜੇਕਰ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਸਾਬਕਾ ਪ੍ਰਧਾਨ ਮੰਤਰੀ, ਮੁੱਖ ਮੰਤਰੀ, ਸਾਬਕਾ ਮੁੱਖ ਮੰਤਰੀ ਸ਼ਾਮਲ ਹੁੰਦੇ ਹਨ ਤਾਂ ਉਨ੍ਹਾਂ ਦਾ ਮਾਣ-ਸਨਮਾਨ ਸ਼੍ਰੋਮਣੀ ਕਮੇਟੀ ਵਲੋਂ ਹੀ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਮੰਚ 'ਤੇ ਸਮਾਂ ਵੀ ਦਿੱਤਾ ਜਾਵੇਗਾ। ਇਸ ਮੌਕੇ ਸਿੱਖ ਕੌਮ ਦੇ ਨਾਂ ਸੰਦੇਸ਼ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵਲੋਂ ਜਾਰੀ ਕੀਤਾ ਜਾਵੇਗਾ। ਸਟੇਜ ਸੰਚਾਲਨ ਸਿੱਖ ਵਿਦਵਾਨਾਂ ਵਲੋਂ ਕੀਤਾ ਜਾਵੇਗਾ। ਪੰਜਾਬ ਦੀ ਕਾਂਗਰਸ ਸਰਕਾਰ ਵਲੋਂ ਬਣਾਏ ਜਾ ਰਹੇ ਵੱਖਰੇ ਪੰਡਾਲ ਸਬੰਧੀ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਸਰਕਾਰ ਸਮੇਤ ਹੋਰ ਸਿੱਖ ਜਥੇਬੰਦੀਆਂ ਵਲੋਂ ਵੀ ਆਪਣੇ ਮੰਚ ਬਣਾਏ ਜਾ ਰਹੇ ਹਨ, ਜਿਨ੍ਹਾਂ ਤੋਂ ਉਹ ਆਪਣੇ ਬਣਾਏ ਪ੍ਰੋਗਰਾਮਾਂ ਦਾ ਸੰਚਾਲਨ ਕਰ ਸਕਦੇ ਹਨ ਪਰ ਇਹ ਪ੍ਰੋਗਰਾਮ ਗੁਰਬਾਣੀ ਅਤੇ ਗੁਰੂ ਫਲਸਫ਼ੇ 'ਤੇ ਹੀ ਕੇਂਦਰਤ ਹੋਣੇ ਚਾਹੀਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਨੂੰ ਵੀ ਵੱਖਰਾ ਮੰਚ ਬਣਾਉਣ ਤੋਂ ਨਹੀਂ ਰੋਕਿਆ ਜਾਵੇਗਾ ਪਰ ਉਨ੍ਹਾਂ ਆਖਿਆ ਕਿ 12 ਨਵੰਬਰ ਦੇ ਮੁੱਖ ਸਮਾਗਮ ਸ਼੍ਰੋਮਣੀ ਕਮੇਟੀ ਵਲੋਂ ਬਣਾਏ ਇਕ ਮੰਚ ਤੋਂ ਹੀ ਹੋਣਗੇ। ਉਨ੍ਹਾਂ ਕਿਹਾ ਕਿ ਪਹਿਲਾਂ ਜਿੰਨੀਆਂ ਵੀ ਸ਼ਤਾਬਦੀਆਂ ਮਨਾਈਆਂ ਗਈਆਂ ਹਨ, ਮੁੱਖ ਸਟੇਜ ਸਬੰਧਤ ਗੁਰਦੁਆਰੇ ਵਲੋਂ ਹੀ ਬਣਾਈ ਜਾਂਦੀ ਰਹੀ ਹੈ ਅਤੇ ਹੁਣ ਵੀ ਗੁਰਦੁਆਰਾ ਬੇਰ ਸਾਹਿਬ ਦੇ ਮੰਚ ਤੋਂ ਹੀ ਮੁੱਖ ਸਮਾਗਮ ਹੋਵੇਗਾ। ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਕਾਂਗਰਸ, ਭਾਜਪਾ, 'ਆਪ' ਤੇ ਹੋਰ ਜਥੇਬੰਦੀਆਂ ਵਿਚ ਬੈਠੇ ਸਮੂਹ ਸਿੱਖ ਇਸ ਪੰਥਕ ਮੰਚ 'ਤੇ ਇਕੱਠੇ ਹੋਣ ਅਤੇ ਗੁਰੂ ਸਾਹਿਬ ਨੂੰ ਅਕੀਦਤ ਭੇਟ ਕਰਨ। ਦੱਸਣਯੋਗ ਹੈ ਕਿ ਬੀਤੇ ਦਿਨੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਇਕ ਪੱਤਰ ਭੇਜ ਕੇ ਅਤੇ ਫੋਨ 'ਤੇ ਗੱਲਬਾਤ ਦੌਰਾਨ ਆਖਿਆ ਗਿਆ ਸੀ ਕਿ ਸਾਂਝੇ ਮੰਚ ਸਬੰਧੀ ਜੋ ਵੀ ਫ਼ੈਸਲਾ ਉਹ ਕਰਨਗੇ, ਸਰਕਾਰ ਨੂੰ ਪ੍ਰਵਾਨ ਹੋਵੇਗਾ। ਉਨ੍ਹਾਂ ਸਰਕਾਰ ਵਲੋਂ ਬਣਾਇਆ ਜਾ ਰਿਹਾ ਪੰਡਾਲ ਸਾਂਝੇ ਮੰਚ ਵਜੋਂ ਵਰਤਣ ਦੀ ਪੇਸ਼ਕਸ਼ ਵੀ ਕੀਤੀ ਸੀ।

ਹਾਲਾਂਕਿ ਪ੍ਰਕਾਸ਼ ਪੁਰਬ ਦੇ ਮੁੱਖ ਸਮਾਗਮਾਂ ਸਬੰਧੀ ਪੰਜ ਸਿੰਘ ਸਾਹਿਬਾਨ ਦੀ ਅਗਵਾਈ ਹੇਠ ਸਿੱਖ ਜਥੇਬੰਦੀਆਂ ਦੀ ਹੋਈ ਮੀਟਿੰਗ ਦੌਰਾਨ ਕੀਤੇ ਗਏ ਫ਼ੈਸਲੇ ਨਾਲ ਪੰਜਾਬ ਦੀ ਕਾਂਗਰਸ ਸਰਕਾਰ ਵਲੋਂ ਬਣਾਏ ਗਏ ਪੰਡਾਲ ਦੀ ਵਰਤੋਂ ਸਬੰਧੀ ਪੇਸ਼ਕਸ਼ ਨੂੰ ਅਣਡਿੱਠਾ ਕਰ ਦਿੱਤਾ ਗਿਆ ਹੈ। ਕਮੇਟੀ ਦੇ ਮੰਚ ਤੋਂ ਮੁੱਖ ਸਮਾਗਮ ਮਨਾਉਣ ਦੇ ਹੋਏ ਫ਼ੈਸਲੇ ਦੌਰਾਨ ਮੰਚ 'ਤੇ ਬੈਠਣ ਵਾਲੀਆਂ ਪ੍ਰਮੁੱਖ ਸ਼ਖ਼ਸੀਅਤਾਂ ਬਾਰੇ ਵੀ ਫ਼ੈਸਲਾ ਕੀਤਾ ਗਿਆ ਹੈ, ਜਿਸ ਵਿਚ ਸਾਬਕਾ ਮੁੱਖ ਮੰਤਰੀ ਨੂੰ ਵੀ ਮੰਚ 'ਤੇ ਬਿਠਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਫ਼ੈਸਲਾ ਭਾਵੇਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਧਿਆਨ ਵਿਚ ਰੱਖ ਕੇ ਕੀਤਾ ਗਿਆ ਹੈ ਪਰ ਜੇਕਰ ਸਮਾਗਮ ਵਿਚ ਕੋਈ ਹੋਰ ਸਾਬਕਾ ਮੁੱਖ ਮੰਤਰੀ ਸ਼ਮੂਲੀਅਤ ਕਰਦਾ ਹੈ ਤਾਂ ਉਸ ਨੂੰ ਕਿਸ ਥਾਂ 'ਤੇ ਬਿਠਾਇਆ ਜਾਵੇਗਾ, ਚਰਚਾ ਦਾ ਵਿਸ਼ਾ ਹੋ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਅਕਾਲ ਤਖ਼ਤ ਦੇ ਫ਼ੈਸਲੇ ਦੀ ਸ਼ਲਾਘਾ ਕੀਤੀ ਹੈ।

# ਵਾਲਮੀਕ ਸਮਾਜ ਵਲੇਹੋ ਵੱਲੋਂ ਸਤਿਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਨਾਇਆ

**ਵਲੇਹੋ (ਬਿਊਰੋ)–** ਸਤਿਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਵਾਲਮੀਕ ਸਮਾਜ ਵਲੇਹੋ ਵੱਲੋਂ ਬੇ-ਏਰੀਆ ਦੀਆਂ ਸੰਗਤਾਂ ਦੇ ਸਹਿਯੋਗ ਨਾਲ 1499 ਫੋਲੀ ਕਲਚਰਲ ਸੈਂਟਰ ਵਿਖੇ 20 ਅਕਤੂਬਰ 2019 ਦਿਨ ਐਤਵਾਰ ਨੂੰ ਮਨਾਇਆ ਗਿਆ। ਗੁਰੂ ਵਾਲਮੀਕ ਜੀ ਦੇ ਸ਼ਰਧਾਲੂ ਦੂਰ-ਦੁਰਾਡੇ ਬੇਕਰਸਫੀਲਡ, ਫਰਿਜ਼ਨੋ, ਯੂਬਾ ਸਿਟੀ, ਸੈਕਰਾਮੈਂਟੋ, ਫੇਅਰਫੀਲਡ, ਕੌਰ-ਡਲੀਆ, ਨੇਪਾ, ਟਰੇਸੀ, ਲਿਵਰਮੋਰ, ਐਂਟੋਓਕ, ਪਿਟਸਬਰਗ, ਸੈਨਹੋਜ਼ੇ, ਸੈਂਟਾਂ ਕਲਾਰਾ, ਸਨੀਵੇਲ, ਫਰੀਮਾਂਟ, ਹੇਵਰਡ, ਡਲ ਸਿਟੀ, ਸੈਨ ਫਰਾਂਸਿਸਕੋ ਅਤੇ ਸੈਂਟਾ ਰੋਸਾ ਤੋਂ ਸ਼ਾਂਮਲ ਹੋ ਕੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਈ ਅਤੇ ਕੀਰਤਨ ਦਾ ਆਨੰਦ ਮਾਣਿਆ। ਪਾਠੀ ਸਿੰਘ ਰਾਜ ਕੁਮਾਰ ਪੰਡੋਰੀ ਅ ਤੇ ਸੋਢੀ ਨਾਹਰ ਨੇ ਗੁਰੂ ਜੀ ਦੀ ਬਾਣੀ ਪੜ੍ਹਨ ਦੀ ਸੇਵਾ ਨਿਭਾਈ। ਆਰਤੀ ਅਰਦਾਸ ਤੋਂ ਬਾਅਦ ਪੰਡੋਰੀ ਸਾਹਿਬ ਨੇ ਆਪਣੇ ਅਣਮੁੱਲੇ ਸ਼ਬਦਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਸਟੇਜ ਸਕੱਤਰ ਦੀ ਸੇਵਾ ਡਾ. ਗੁਰਜੀਤ ਸਿੰਘ ਹੁਰਾਂ ਨੇ ਨਿਭਾਈ। ਭੁਪਿੰਦਰ ਭਿੰਦਾ, ਅਮਰਜੀਤ ਲਾਲੀ, ਜਸਵਿੰਦਰ ਲਾਲ, ਮੋਹਨ ਦੀਵਾਨਾ, ਬਲਵੀਰ ਧਾਲੀਵਾਲ, ਐਸ. ਰੋਜ਼ੀ ਆਦਿ ਨੇ ਆਪਣੇ ਗੀਤਾਂ ਰਾਹੀਂ ਗੁਰੂ ਜੀ ਦੀ ਉਸਤੱਤ ਕਰਕੇ ਆਪਣੀ ਹਾਜ਼ਰੀ ਲਗਵਾਈ। ਗੁਰਦਿਆਲ ਸਿੰਘ ਨੂਰਪੁਰੀ ਪ੍ਰਸਿੱਧ ਲਿਖਾਰੀ ਨੇ ਆਪਣੀ ਮਨਮੋਹਕ ਸ਼ਬਦਾਵਲੀ ਰਾਹੀਂ ਕਵਿਤਾ ਦੇ ਰੂਪ 'ਚ ਸੰਗਤਾਂ ਨੂੰ ਗੁਰੂ ਜੀ ਦੇ ਸੰਦੇਸ਼ ਵੱਲ ਪ੍ਰੇਰਿਤ ਕੀਤਾ। ਬੀਬੀ ਕੁਲਦੀਪ ਕੌਰ ਜੀ ਨੇ ਆਪਣੇ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਤਿਗੁਰਾਂ ਦੀਆਂ ਸਿੱਖਿਆਵਾਂ ਤੇ ਚੱਲਣ ਦੀ ਪੁਰਜ਼ਰ ਅਪੀਲ ਕੀਤੀ।

ਬੁਲਾਰੇ ਸਰਵ ਸ੍ਰੀ ਅਸ਼ਵਨੀ ਕੁਮਾਰ, ਗੁਰਪਾਲ ਸਿੰਘ, ਕਮਲਜੀਤ ਨਾਹਰ, ਹਰਕੇਵਲ ਸਿੰਘ, ਸੰਤੋਖ ਗਿੱਲ, ਪ੍ਰੇਮ੍ਹ ਸੌਂਧੀ, ਪ੍ਰੇਮ ਕੁਮਾਰ ਚੁੰਬਰ ਅਤੇ ਹੋਰ ਸੱਜਣਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਕੇਵਲ ਸਿੰਘ ਸਿੱਧੂ ਵੱਲੋਂ ਆਈਆਂ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ ਤੇ ਆਉਣ ਵਾਲੇ ਹਰ ਪ੍ਰੋਗਰਾਮ 'ਚ ਸ਼ਾਮਲ ਹੋਣ ਦੀ ਬੇਨਤੀ ਕੀਤੀ।

ਲੰਗਰ ਵਰਤਾਉਣ ਦੀ ਸੇਵਾ ਅਸ਼ੋਕ ਸਿੱਧੂ, ਦਲਵੀਰ ਕੌਰ, ਕੁਲਦੀਪ ਕੌਰ, ਦੀਪੋ, ਬਿੱਲਾ ਅਤੇ ਹੋਰ ਸਹਿਯੋਗੀਆਂ ਨੇ ਨਿਭਾਈ। ਹੋਰ ਸਾਰੇ ਕੰਮਕਾਰ ਸਮੇਟਣ ਤੇ ਸੈਟਿੰਗ 'ਚੋਂ ਸੇਵਾ ਦੀ ਜ਼ਿੰਮੇਵਾਰੀ ਰਵੀ, ਅਮਿਤ ਦੀਪ, ਕਰਨ, ਬਿੱਲਾ ਹੁਰਾਂ ਨਿਭਾਈ। ਇਸ ਸਾਲ ਦੀ ਇਸ ਸ਼ੁਭ ਦਿਹਾੜੇ ਤੇ ਐਮ. ਵੀ. ਐਸ. ਯੂਐਸ. ਏ. ਦਾ 25ਵਾਂ ਸਥਾਪਨਾ ਦਿਵਸ ਹੈ। ਇਸ ਦਿਨ ਨੂੰ ਮਨਾਉਣ ਲਈ ਹੁੰਮ-ਹੁੰਮਾ ਕ ਸੰਗਤਾਂ ਪਧਾਰੀਆਂ ਤੇ ਕੀਰਤਨ ਦਾ ਆਨੰਦ ਮਾਣਿਆ।

ਇਸ ਦਿਨ ਐਮ. ਵੀ. ਐਸ. ਯੂਐਸ. ਏ. ਦੇ ਸੰਸਥਾਪਕ ਸਰਵ ਸ੍ਰੀ ਕੇਵਲ ਸਿੱਧੂ, ਅਵਤਾਰ ਸਿੰਘ, ਤਿਲਕ ਰਾਜ ਵਾਲੂ, ਸੰਤੀਸ਼ ਕੁਮਾਰ, ਰਮੇਸ਼ ਕੁਮਾਰ ਨੂੰ ਮੌਜੂਦਾ ਕਮੇਟੀ ਵੱਲੋਂ ਸਨਮਾਨਿਤ ਵੀ ਕੀਤਾ ਗਿਆ।

ਫਾਊਂਡਰ ਮੈਂਬਰਾਂ 'ਚੋਂ ਇਕ ਅਣਥੱਕ ਸੇਵਾਦਾਰ ਸਵਰਗੀ ਸ੍ਰੀ ਰਾਜ ਕੁਮਾਰ ਜੀ ਨੂੰ ਯਾਦ ਕਰਦਿਆਂ ਉਹਨਾਂ ਦੇ ਸਹਿਯੋਗ ਦੀ ਸ਼ਲਾਘਾ ਕੀਤੀ ਅਤੇ ਸਨਮਾਨ ਕੀਤਾ ਗਿਆ।

ਸਨਮਾਨ ਚਿੰਨ੍ਹਾਂ ਦੀ ਸੇਵਾ ਸ੍ਰੀ ਕੁੰਦਨ ਲਾਲ ਮਾਸਟਰ ਅਤੇ ਪਾਲ ਫਿਲਮਜ਼, ਪਿਟਸਬਰਗ, ਕੈਲੇਫੋਰਨੀਆ ਵੱਲੋਂ ਕੀਤੀ ਗਈ। ਵਲੇਹੋ ਵਾਲਮੀਕ ਕਮਿਊਨਿਟੀ ਰਿਕੀ ਪਾਲ (ਪਾਲ ਫਿਲਮਜ਼) ਦੀ ਤਹਿ ਦਿਲੋਂ ਧੰਨਵਾਦੀ ਹੈ। ਅਰਦਾਸ ਕਰਦੇ ਹਾਂ ਕਿ ਇਹਨਾਂ ਦਾ ਬਿਜਨਸ ਦਿਨ ਦੁੱਗਣੀ ਤੇ ਰਾਤ ਚੌਗਣੀ ਤਰੱਕੀ ਕਰੇ।

**(ਤਸਵੀਰਾਂ ਦੇਖੋ ਸਫਾ 13-14 'ਤੇ)**

# ਅਜ਼ਾਦ ਸਪੋਰਟਸ ਅਤੇ ਕਲਚਰਲ ਕਲੱਬ ਵੱਲੋ ਗੁਰੂ ਨਾਨਕ ਪਾਤਸ਼ਾਹ ਦੇ 550ਵੇਂ ਗੁਰਪੁਰਬ ਨੂੰ ਸਮਰਪਿਤ ਟੂਰਨਾਮੈਂਟ 26 ਅਕਤੂਬਰ ਨੂੰ

**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਸਥਾਨਿਕ ਅਜ਼ਾਦ ਸਪੋਰਟਸ ਅਤੇ ਕਲਚਰਲ ਕਲੱਬ ਦੀ ਇੱਕ ਅਹਿੰਮ ਮੀਟਿੰਗ ਲੰਘੇ ਦਿਨੀ ਬੰਬੇ ਬਿਜਨਸ ਪਾਰਕ ਫਰਿਜਨੋ ਵਿਖੇ ਹੋਈ, ਜਿੱਥੇ ਅਹੁਦੇਦਾਰਾਂ ਨੇ ਪੱਤਰਕਾਰਾਂ ਨਾਲ ਗੱਲ-ਬਾਤ ਦੌਰਾਨ ਦੱਸਿਆ ਕਿ ਕਲੱਬ ਵੱਲੋਂ ਸਲਾਨਾਂ ਟੂਰਨਾਮੈਂਟਾ ਦੀ ਲੜੀ ਨੂੰ ਨਿਰੰਤਰ ਜਾਰੀ ਰੱਖਦਿਆਂ ਦੂਸਰਾ ਕਬੱਡੀ ਕੱਪ ਅਤੇ ਸੱਤਵਾਂ ਰੱਸਾਕਸੀ ਤੇ ਸਾਕਰ ਆਦਿ ਖੇਡਾਂ ਦਾ ਸ਼ਾਨਦਾਰ ਟੂਰਨਾਮੈਂਟ ਮਿਤੀ 26 ਅਕਤੂਬਰ ਦਿਨ ਸ਼ਨੀਵਾਰ ਨੂੰ 'ਰੀਜਨਲ ਸਪੋਰਟਸ ਕੰਪਲਿਕਸ' ਜਿਸਦਾ ਪਤਾ 1707 ਵਿਸਟ ਜਿਨਸਨ ਐਵੇਨਿਊ ਫਰਿਜਨੋ ਹੈ, ਵਿਖੇ ਕਰਵਾਇਆ ਜਾ ਰਿਹਾ ਹੈ, ਇਹ ਟੂਰਨਾਮੈਂਟ ਗੁਰੂ ਨਾਨਕ ਪਾਤਸ਼ਾਹ ਦੇ 550ਵੇਂ ਗੁਰ-ਪੂਰਬ ਨੂੰ ਸਮਰਪਿਤ ਹੋਵੇਗਾ। ਟੂਰਨਾਮੈਂਟ ਸਬੰਧੀ ਹੋਰ ਵਧੇਰੇ ਜਾਣਕਾਰੀ ਲਈ ਕਬੱਡੀ ਲਈ ਕਾਲ ਅਮਰਜੀਤ ਦੌਧਰ (559) 824-6887, ਸਤਨਾਮ ਸਿੰਘ ਭੁੱਲਰ 559-708-1636, ਗੁਰਪ੍ਰੀਤ ਸਿੰਘ ਦੌਧਰ 559-430-2640, ਛਿੰਦਾ ਚਾਹਲ 559-916-1685। ਰੱਸਾਕਸ਼ੀ ਲਈ ਕਾਲ ਬਬਲਾ ਮਲੂਕਾ 559-708-9335, ਗੁਰਿੰਦਰ ਸਿੰਘ ਪਨੈਂਚ 559-367-4373, ਬਿੱਲਾ ਚਾਹਲ (559) 349-5383 । ਸਾਕਰ ਲਈ ਕਾਲ ਰਛਪਾਲ ਸਿੰਘ ਸਹੋਤਾ 559-451-1004, ਰੂਬੀ ਸੰਧੂ 559-709-1416, ਪਿੰਟੂ ਬੀਸਲਾ 559-408-2525 ਜਾਂ ਹੋਰ ਵਧੇਰੇ ਜਾਣਕਾਰੀ ਲਈ ਕਾਲ ਨਾਜ਼ਰ ਸਿੰਘ ਸਹੋਤਾ 559-351-6592 ਜਾਂ ਪਾਲੀ ਥਾਂਦੀ 559-790-6650 ਆਦਿ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਪ੍ਰਬੰਧਕਾਂ ਨੇ ਦੱਸਿਆ ਕਿ ਇਸ ਟੂਰਨਾਮੈਂਟ ਦੌਰਾਨ ਚਾਹ ਪਕੌੜਿਆਂ ਦਾ ਲੰਗਰ ਅਤੁੱਟ ਵਰਤੇਗਾ।



# ਹੰਟਸਮੈਂਨ ਅਤੇ ਨਵੈਡਾ ਸਟੇਟ ਸੀਨੀਅਰ ਉਲੰਪਿਕ ਵਿੱਚ ਫਰਿਜਨੋ ਦੇ ਚਾਰ ਪੰਜਾਬੀਆਂ ਨੇ ਜਿੱਤੇ ਮੈਡਲ


**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਹਰ ਸਾਲ ਅਕਤੂਬਰ ਵਿੱਚ ਅਮਰੀਕਾ ਦੇ ਯੂਟਾ ਸੂਬੇ ਵਿੱਚ ਹੰਟਸਮੈਂਟ ਵਰਲਡ ਸੀਨੀਅਰ ਖੇਡਾਂਅਤੇ ਨਵੈਡਾ ਸੂਬੇ ਵਿੱਚ ਨਵੈਡਾ ਸਟੇਟ ਸੀਨੀਅਰ ਉਲੰਪਿਕ ਗੇਮਾਂ ਕਰਵਾਈਆਂ ਜਾਂਦੀਆਂ ਹਨ। ਇਹਨਾਂ ਖੇਡਾਂ ਵਿੱਚ ਹਰ ਸਾਲ ਸੀਨੀਅਰ ਪੰਜਾਬੀ ਅਕਸਰ ਭਾਗਲੈਂਦੇ ਹਨ, ਅਤੇ ਮੈਡਲ ਜਿੱਤਕੇ ਪੰਜਾਬੀ ਭਾਈਚਾਰੇ ਦਾ ਨਾਲ ਅਮਰੀਕਾ ਦੀ ਧਰਤੀ ਤੇ ਉੱਚਾ ਕਰਦੇ ਹਨ। ਇਸ ਸਾਲ ਇਹਨਾਂ ਖੇਡਾਂ ਵਿੱਚ ਫਰਿਜਨੋ ਸ਼ਹਿਰ ਦੇ ਚਾਰਪੰਜਾਬੀ ਸੀਨੀਅਰ ਖਿਡਾਰੀਆਂ ਨੇ ਭਾਗ ਲਿਆ ਅਤੇ ਨਵੈਡਾ ਸੀਨੀਅਰ ਉਲੰਪਿਕ ਵਿੱਚ ਗੁਰਬਖਸ਼ ਸਿੰਘ ਸਿੱਧੂ ਨੇ ਹੈਂਮਰ ਥਰੋ ਵਿੱਚ ਸੋਨੇ ਦਾ ਅਤੇ ਵੇਟ ਥਰੋ ਵਿੱਚਚਾਂਦੀ ਦਾ ਤਗਮਾਂ ਜਿੱਤਿਆ। ਇਹਨਾਂ ਖੇਡਾਂ ਵਿੱਚ ਸੁਖਨੈਂਣ ਸਿੰਘ ਨੇ ਟਰਿਪਲ ਜੰਪ ਵਿੱਚ ਚਾਂਦੀ ਦਾ ਤਗਮਾਂ ਹਾਸਲ ਕੀਤਾ, ਅਤੇ ਕਮਲਜੀਤ ਬੈਨੀਪਾਲ ਨੇ 1500 ਮੀਟਰ ਰੇਸ ਵਿੱਚ ਸੋਨੇ ਦਾ ਤਗਮਾਂ ਆਪਣੇ ਨਾਮ ਕੀਤਾ। ਇੱਥੇ ਵੀ ਦੱਸ ਦੇਈਏ ਕਿ ਨਵੈਡਾ ਸਟੇਟ ਸੀਨੀਅਰ ਉਲੰਪਿਕ ਵਿੱਚ ਤਕਰੀਬਨ 300 ਦੇ ਕਰੀਬ ਖਿਡਾਰੀਆਂਨੇ ਭਾਗ ਲਿਆ। ਇਸੇ ਤਰਾਂ ਹੰਟਸਮੈਂਨ ਵਰਲਡ ਸੀਨੀਅਰ ਖੇਡਾਂ ਵਿੱਚ ਪੂਰੀ ਦੁਨੀਆਂ ਦੇ 70 ਦੇਸ਼ਾਂ ਦੇ ਐਥਲੀਟਾ ਨੇ ਹਿੱਸਾ ਲਿਆ ਅਤੇ ਇਹਨਾਂ ਖੇਡਾਂ ਵਿੱਚ ਜਿੱਥੇ ਕਮਲਜੀਤਬੈਨੀਪਾਲ ਨੇ 1500 ਵਿੱਚ ਚਾਂਦੀ ਦਾ ਤਗਮਾਂ ਜਿੱਤਿਆ, ਉੱਥੇ ਹੀ ਹਰਦੀਪ ਸਿੰਘ ਸੰਘੇੜਾ ਨੇ ਕਾਂਸੀ ਦਾ ਤਗਮਾਂ ਆਪਣੇ ਨਾਮ ਕੀਤਾ। ਸੁਖਨੈਂਣ ਸਿੰਘ ਨੇ ਟਰਿਪਲਜੰਪ ਵਿੱਚ ਕਾਂਸੀ ਦਾ ਤਗਮਾਂ ਜਿੱਤਿਆ।



ਗੁਰਬਖਸ਼ ਸਿੰਘ ਨੂੰ ਸ਼ਾਟ ਪੁੱਟ ਵਿੱਚ ਛੇਵਾਂ ਅਤੇ ਡਿਸਕਸ ਥਰੋ ਵਿੱਚ ਚੌਥਾ ਸਥਾਨ ਹਾਸਲ ਹੋਇਆ। ਇਹ ਪੰਜਾਬੀਸੀਨੀਅਰ ਖਿਡਾਰੀ ਆਪਣੇ ਖ਼ਰਚੇ ਤੇ ਅਮਰੀਕਾ ਵਿੱਚ ਬਹੁਤ ਸਾਰੀਆਂ ਖੇਡਾਂ ਵਿੱਚ ਭਾਗ ਲੈਂਦੇ ਨੇ 'ਤੇ ਪੱਗਾਂ ਬੰਨਕੇ ਪੰਜਾਬੀ ਭਾਈਚਾਰੇ ਦਾ ਨਾਮ ਚਮਕਾਉਂਦੇ ਨੇ, ਇਹਨਾਂ ਦੇ ਇਸ ਉਪਰਾਲੇ ਨਾਲ ਵਿਦੇਸ਼ਾਂ ਵਿੱਚ ਸਿੱਖ ਪਹਿਚਾਣ ਨੂੰ ਵੀ ਹੁਲਾਰਾ ਮਿਲਦਾ ਹੈ। ਇਹਨਾਂ ਦੀ ਜਿੱਤ ਸਦਕੇ ਫਰਿਜਨੋ ਦੇ ਪੰਜਾਬੀ ਭਾਈਚਾਰੇ ਵਿੱਚ ਖ਼ੁਸ਼ੀਦੀ ਲਹਿਰ ਹੈ।

# ਨਾਸਾ ਨੇ ਦਿੱਤੀ ਖ਼ੁਸ਼ਖ਼ਬਰੀ, ਓਜ਼ੋਨ ਛੇਕ 'ਚ ਇਸ ਸਾਲ ਰਿਕਾਰਡ ਗਿਰਾਵਟ

**ਵਾਸ਼ਿੰਗਟਨ–** ਅੰਟਾਰਕਟਿਕਾ ਦੇ ਉੱਪਰ ਓਜ਼ੋਨ ਗੈਸ ਦੀ ਪਰਤ ਦੇ ਛੇਕ 'ਚ ਇਸ ਸਾਲ ਰਿਕਾਰਡ ਗਿਰਾਵਟ ਹੋਈ ਹੈ। ਅਮਰੀਕੀ ਪੁਲਾੜ ਏਜੰਸੀ ਨਾਸਾ ਤੇ ਨੈਸ਼ਨਲ ਓਸ਼ਨਿਕ ਐਂਡ ਐਟਮਾਸਫੇਅਰਿਕ ਐਡਮਿਨਿਸਟ੍ਰੇਸ਼ਨ (ਐਨਓਏ) ਮੁਤਾਬਕ, 1982 ਤੋਂ ਬਾਅਦ ਤੋਂ ਪਹਿਲੀ ਵਾਰ ਓਜ਼ੋਨ ਪਰਤ ਦਾ ਛੇਕ ਏਨਾ ਸੁੰਗੜਿਆ ਹੈ। ਬੀਤੇ ਅੱਠ ਸਤੰਬਰ ਨੂੰ ਇਸ ਦਾ ਆਕਾਰ 1.64 ਕਰੋੜ ਵਰਗ ਕਿਲੋਮੀਟਰ ਦੇ ਸਭ ਤੋਂ ਉੱਚ ਪੱਧਰ 'ਤੇ ਪਹੁੰਚ ਗਿਆ ਸੀ। ਪਰ ਅਕਤੂਬਰ 'ਚ ਇਹ ਘਟ ਕੇ ਇਕ ਕਰੋੜ ਵਰਗ ਕਿਲੋਮੀਟਰ ਰਹਿ ਗਿਆ। ਵਿਗਿਆਨੀਆਂ ਦਾ ਹਾਲਾਂਕਿ ਕਹਿਣਾ ਹੈ ਕਿ ਇਹ ਖ਼ਬਰ ਚੰਗੀ ਤਾਂ ਹੈ, ਪਰ ਇਸਦੇ ਸੁੰਗੜਨ ਦੀ ਵਜ੍ਹਾ ਚਿੰਤਤ ਕਰਨ ਵਾਲੀ ਹੈ। ਨਾਸਾ ਦੇ ਗੋਡਾਰਡ ਸਪੇਸ ਫਲਾਈਟ ਸੈਂਟਰ 'ਚ ਅਰਥ ਸਾਇੰਸਿਜ਼ ਵਿਭਾਗ ਦੇ ਪ੍ਰਮੁੱਖ ਵਿਗਿਆਨੀ ਪਾਲ ਨਿਊਮੈਨ ਨੇ ਕਿਹਾ, 'ਓਜ਼ੋਨ ਛੇਕ ਸੁੰਗੜਿਆ ਹੈ, ਪਰ ਇਹ ਇਸ ਗੱਲ ਦਾ ਸੰਕੇਤ ਨਹੀਂ ਹੈ ਕਿ ਓਜ਼ੋਨ ਪਰਤ ਦੀ ਸਥਿਤੀ ਦਰੁਸਤ ਹੋ ਗਈ ਹੈ। ਵਾਯੂਮੰਡਲ ਦੀ ਦੂਜੀ ਸਭ ਤੋਂ ਵੱਡੀ ਪਰਤ ਸਟ੍ਰੈਟੋਸਫੇਅਰ 'ਚ ਸਾਧਾਰਨ ਤੋਂ ਜ਼ਿਆਦਾ ਤਾ-ਪਮਾਨ ਵਧਣ ਕਾਰਨ ਅਜਿਹਾ ਹੋਇਆ ਹੈ। ਇਸ 'ਤੇ ਧਿਆਨ ਦੇਣ ਦੀ ਲੋੜ ਹੈ।' ਓਜ਼ੋਨ ਗੈਸ ਦੀ ਪਰਤ ਧਰਤੀ ਦੀ ਸਤਹਿ ਤੋਂ ਉੱਪਰ 11 ਤੋਂ 40 ਕਿਲੋਮੀਟਰ ਵਿਚਕਾਰ ਫੈਲੀ ਹੋਈ ਹੈ। ਇਹ ਪਰਤ ਸੂਰਜ ਤੋਂ ਆਉਣ ਵਾਲੀਆਂ ਪੈਰਾਬੈਂਗਨੀ ਕਿਰਨਾਂ ਤੋਂ ਧਰਤੀ ਦੀ ਰੱਖਿਆ ਕਰਦੀ ਹੈ, ਜੋ ਕਈ ਤਰ੍ਹਾਂ ਦੇ ਰੋਗਾਂ ਦਾ ਕਾਰਨ ਬਣ ਸਕਦੀਆਂ ਹਨ। ਨਾਸਾ ਦੇ ਵਿਗਿਆਨੀਆਂ ਮੁਤਾਬਕ, ਬੀਤੇ 40 ਸਾਲਾਂ 'ਚ ਤੀਜੀ ਵਾਰ ਤਾਪਮਾਨ ਵਧਣ ਕਾਰਨ ਓਜ਼ੋਨ ਪਰਤ 'ਚ ਬਣ ਰਹੇ ਛੇਕ ਦਾ ਆਕਾਰ ਘਟਿਆ ਹੈ। ਇਸ ਤੋਂ ਪਹਿਨਾਂ 1988 ਤੇ 2002 'ਚ ਵੀ ਅਜਿਹਾ ਵੇਖਣ ਨੂੰ ਮਿਲਿਆ ਸੀ। ਪਰ ਇਨ੍ਹਾਂ ਦੋਵਾਂ ਵਿਚਕਾਰ ਦਾ ਸਬੰਧ ਹਾਲੇ ਤਕ ਪਤਾ ਨਹੀਂ ਲੱਗ ਸਕਿਆ ਹੈ।



# ਸੰਸਾਰ ਭਰ 'ਚ ਸਿੱਖ ਕੌਮ ਵੱਲੋਂ ਨਸਲਕੁਸ਼ੀ ਵਿਰੁੱਧ ਮੁਹਿੰਮ

## 2 ਨਵੰਬਰ ਨੂੰ ਯੂਬਾ ਸਿਟੀ ਵਿੱਚ ਖੂਨਦਾਨ ਮੁਹਿੰਮ ਸੰਦੀਪ ਸਿੰਘ ਧਾਲੀਵਾਲ ਨੂੰ ਹੋਵੇਗੀ ਸਮਰਪਿਤ

**ਯੂਬਾ ਸਿਟੀ , ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਸਿੱਖ ਕੌਮ ਦੇ ਵੱਖ ਵੱਖ ਖਿਤਿਆਂ ਨਾ ਸਬੰਧਿਤ ਵਲੰਟਰੀਅਰਾਂ ਦੀ ਭਰਵੀਂ ਮੀਟਿੰਗ ਹੋਈ ਅਤੇ ਇਸ ਸਾਲ ਦੀ ਅਮਰੀਕਾ ਵਿੱਚਲੀ ਖੂਨਦਾਨ ਮੂਹਿੰਮ ਹੈਰਿਸ ਕਾਉਂਟੀ ਦੇ ਡਿਪਟੀ ਸ਼ੈਰਿਫ ਸਨਦੀਪ ਸਿੰਘ ਧਾਲੀਵਾਲ ਜਿਨਾ ਨੇ 26 ਸਤੰਬਰ ਨੂੰ ਆਪਣੀ ਡਿਊਟੀ ਨਿਭਾਉਂਦੇ ਹੋਏ ਆਪਣੀਂ ਜਾਨ ਕੁਰਬਾਨ ਕਰ ਦਿੱਤੀ,ਉਨਾ ਨੂੰ ਸਮਰਪਿਤ ਹੋਵੇਗੀ। ਵੱਖ ਵੱਖ ਬੁਲਾਰਿਆਂ ਨੇ ਦੱਸਿਆ ਕਿ ਭਾਵੇਂ ਇਹ ਖੂਨ ਦਾਨ ਮੁਹਿੰਮ ਸਾਰਾ ਸਾਲ ਹੀ ਚਲਦੀ ਰਹਿੰਦੀ ਹੈ ਪਰ ਨਵੰਬਰ ਦੇ ਪਹਿਲੇ ਹਫਤੇ ਅਮਰੀਕਾ, ਕੈਨੇਡਾ ਅਤੇ ਹੋਰ ਮੁਲਕਾਂ ਵਿੱਚ ਵੱਡੇ ਪੱਧਰ ਤੇ ਖੂਨਦਾਨ ਸੈਂਟਰਾਂ ਤੇ ਕੰਪੇਨ ਅਯੋਜਿਤ ਕੀਤੀ ਜਾਂਦੀ ਹੈ। ਇਸ ਸਮੇਂ ਵੱਖ ਵੱਖ ਬੁਲਾਰਿਆਂ ਨੇ ਦੱਸਿਆ ਕਿ ਇਹ ਮੁਹਿੰਮ ਨਵੰਬਰ 1984 ਵਿਚ ਚਿੱਟੇ ਦਿਨ ਹਜਾਰਾਂ ਸਿੱਖਾਂ ਦੇ ਭਿਆਨਕ ਕਤਲੇਆਮ ਲਈ ਜਿੰਮੇਵਾਰ ਤਾਕਤਾਂ ਨੂੰ ਬੇਨਕਾਬ ਕਰਨ ਲਈ ਦੁਨੀਆਂ ਭਰ ਵਿਚ ਉੱਠੀ ਇਨਸਾਫ ਪਸੰਦ ਲੋਕਾਂ ਦੀ ਇਹ ਆਵਾਜ਼ ਗੁਰੂ ਨਾਨਕ ਪਾਤਸ਼ਾਹ ਵੱਲੋਂ ਐਮਨਾਬਾਦ ਦੀ ਧਰਤੀ ਉੱਪਰ ਦਿੱਤੇ ਸੁਨੇਹੇ 'ਤੇ ਪਹਿਰਾ ਦੇ ਰਹੀ ਹੈ। ਦੂਸਰੇ ਪਾਸੇ ਭਾਰਤੀ ਤੰਤਰ ਵੱਲੋਂ ਨਾ ਸਿਰਫ ਅਜਿਹੇ ਕਤਲੇਆਮਾਂ ਨੂੰ ਦਬਾਉਣ ਅਤੇ ਭੁਲਾਉਣ ਦੀਆਂ




ਸਾਜਿਸ਼ਾਂ ਜਾਰੀ ਹਨ। ਵੱਖ ਵੱਖ ਬੁਲਾਰਿਆਂ ਨੇ ਦੱਸਿਆ ਕਿ ਜਿਵੇਂ ਕਿ ਅੱਜ ਪੰਜਾਬ ਵਿਚ ਸਿੱਖਾਂ ਵਿਰੁੱਧ ਭਾਰਤ ਦੇ ਹੋਰ ਹਿੱਸਿਆਂ ਵਿਚ ਦਲਿਤ, ਮੁਸਲਮਾਨਾਂ ਅਤੇ ਈਸਾਈਆਂ ਵਿਰੁੱਧ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ।ਮਨੁੱਖਤਾ ਨੂੰ ਬਚਾਉਣ ਲਈ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਸੋਚ ਦੇ ਵਾਰਿਸ ਆਪਣਾ ਖੂਨਦਾਨ ਕਰ ਕੇ 'ਜੀਓ ਅਤੇ ਜਿਊਣ ਦਿਓ' ਦੇ ਸਿਧਾਂਤ ਤੇ ਪਹਿਰਾ ਦੇ ਰਹੇ ਹਨ। ਨਸਲਕੁਸ਼ੀ ਵਿਰੁੱਧ ਆਰੰਭੀ ਇਸ ਖੂਨਦਾਨ ਮੁਹਿੰਮ ਤਹਿਤ ਸਿੱਖ ਕੌਮ ਦਸੰਬਰ 2018 ਤੱਕ 140,000 ਤੋਂ ਵੱਧ ਵਿਅਕਤੀਆਂ ਨੂੰ ਨਵੀਂ ਜ਼ਿੰਦਗੀ ਦੇਣ ਵਿਚ ਸਹਾਈ ਹੋਈ ਹੈ। ਚੇਤੇ ਰਹੇ ਕੈਨੇਡੀਅਨ ਬਲੱਡ ਸਰਵਿਸ ਨੇ ਇਸ ਮੁਹਿੰਮ ਨੂੰ ਕਨੇਡਾ ਦੀ ਸਭ ਤੋਂ ਵੱਡੀ ਜਾਨਾਂ ਬਚਾਉਣ ਵਾਲੀ ਮੁਹਿੰਮ ਐਲਾਨਿਆ ਹੈ। ਇਹ ਮੁਹਿੰਮ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦੇ ਫਲਸਫੇ ਵਿਚ ਯਕੀਨ ਰੱਖਦੀ ਹੈ ਤੇ ਹਮੇਸ਼ਾਂ ਹੀ ਉਹਨਾਂ ਵਿਅਕਤੀਆਂ, ਸੰਸਥਾਵਾਂ ਜਾਂ ਸਰਕਾਰਾਂ ਨੂੰ ਪ੍ਰਣਾਮ ਕਰਦੀ ਹੈ ਜੋ ਮਨੁੱਖੀ ਅਧਿਕਾਰਾਂ ਨੂੰ ਬਚਾਉਣ ਅਤੇ ਨਸਲਕੁਸ਼ੀ ਵਿਰੁੱਧ ਕੰਮ ਕਰਦੀਆਂ ਹਨ।

ਵੱਖ ਵੱਖ ਬੁਲਾਰਿਆਂ ਨੇ ਦੱਸਿਆ ਕਿਸਾਲ 2019 ਵਿਚ ਵੀ ਇਸ ਮੁਹਿੰਮ ਤਹਿਤ ਨਵੰਬਰ ਮਹੀਨੇ ਅਮਰੀਕਾ ਅਤੇ ਕਨੇਡਾ ਦੇ ਸਾਰੇ ਪ੍ਰਮੁੱਖ ਸ਼ਹਿਰਾਂ ਜਿਵੇਂ ਕਿ ਵੈਨਕੂਵਰ, ਸਰੀ, ਵਿਕਟੋਰੀਆ, ਨਾਰਥ ਵੈਨਕੂਵਰ, ਐਬਟਸਫੋਰਡ, ਕੈਮਲੂਪਸ, ਕਿਲੋਨਾ, ਪੈਨਟਿੰਕਟਨ, ਐਡਮਿੰਟਨ, ਕੈਲਗਰੀ, ਸਸਕਾਟੂਨ, ਰਿਜ਼ਾਈਨਾ, ਵਿਨੀਪੈਗ, ਟਰਾਂਟੋ, ਮਾਂਟਰੀਅਲ ਇਸ ਤੋਂ ਇਲਾਵਾ ਅਮਰੀਕਾ ਵਿਚ ਯੂਬਾ ਸਿਟੀ, ਸਿਆਟਲ, ਲਿੰਡਨ, ਬੌਥਲ, ਸ਼ਿਕਾਗੋ, ਯੂਬਾਸਿਟੀ, ਬੇਕਰਸਫੀਲਡ ਆਦਿ ਸ਼ਾਮਲ ਹਨ। ਇਹ ਖੂਨਦਾਨ ਮੁਹਿੰਮ ਦੂਸਰੇ ਮੁਲਕਾਂ ਆਸਟਰੇਲੀਆ ਅਤੇ ਨਿਊਜੀਲੈਂਡ ਦੇ ਵੱਖ ਵੱਖ ਸ਼ਹਿਰਾਂ ਵਿਚ ਵੀ ਚੱਲੇਗੀ।

# ਗੁਰਬਖਸ਼ ਸਿੰਘ ਧਾਲੀਵਾਲ ਦੀ 14ਵੀਂ ਬਰਸੀ ਮੌਕੇ ਸਰਧਾਂਜ਼ਲੀ ਸਮਾਰੋਹ ਅਯੋਜਿਤ

**ਫਰਿਜ਼ਨੋਂ (ਕੁਲਵੀਰ ਹੇਅਰ)–** ਹਲਕਾ ਨਿਹਾਲ ਸਿੰਘ ਵਾਲਾ (ਮੋਗਾ) ਤੋਂ ਸਾਬਕਾ ਐਮ ਐਲ ਏ ਗੁਰਬਖਸ਼ ਸਿੰਘ ਧਾਲੀਵਾਲ ਜਿਨਾਂ ਦੀ 14ਵੀਂ ਬਰਸੀ ਮੋਕੇ ਧਾਲੀਵਾਲ ਪਰਿਵਾਰ ਅਤੇ ਇੰਡੋ ਅਮੈਰਿਕਨ ਹੇਰੀਟੇਜ਼ ਫੋਰਮ ਵਲੋਂ ਸਰਧਾਜ਼ਲੀ ਸਮਾਰੋਹ ਅਯੋਜਿਤ ਕੀਤਾ ਗਿਆ ਗੁਰਬਖਸ਼ ਸਿੰਘ ਧਾਲੀਵਾਲ ਜਿਨਾ ਨੇ ਭਾਰਤ ਦੀ ਅਜਾਦੀ ਵਿਚ ਅਹਿਮ ਯੋਗਦਾਨ ਪਾਇਆ ਅਤੇ ਸੰਨ 1962 ਚੋ ਹਲਕਾ ਨਿਹਾਲ ਸਿੰਘ ਵਾਲਾ (ਮੋਗਾ) ਤੋਂ ਐਮ ਐਲ ਏ ਬਣੇ।ਸੰਨ 1988 ਵਿਚ ਉਹ ਆਪਣੇ ਪੁਤਰਾਂ ਬਲਦੇਵ ਸਿੰਘ ਧਾਲੀਵਾਲ ਅਤੇ ਨਵਦੀਪ ਸਿੰਘ ਧਾਲੀਵਾਲ ਕੋਲ ਅਮੈਰਿਕਾ ਆ ਗਏ ਅਤੇ ਇਥੇ ਅਮੈਰਿਕਾ ਵਿਚ ਵੀ ਉਹ ਸਮਾਜ ਨਾਲ ਜੁੜੇ ਕੰਮਾ ਵਿਚ ਵੱਧ ਚੜਕੇ ਹਿਸਾ ਲੈਂਦੇ ਰਹੇ ਸੰਨ 2000 ਵਿਚ ਉਹਨਾ ਨੇ ਆਪਣੇ ਸਾਥੀਆਂ ਨਾਲ ਮਿਲਕੇ ਇੰਡੋ ਅਮੈਰਿਕਨ ਹੇਰੀਟੇਜ਼ ਫੋਰਮ ਨਾਮ ਦੀ ਸੰਸਥਾ ਬਣਾਈ ਜੋ ਕਿ ਦੇਸ਼ ਭਗਤਾਂ ਗਦਰੀ ਬਾਬਿਆਂ ਨੂੰ ਸਮਾਰਪਤ ਹੈ ਅਤੇ ਸੰਸਥਾ ਵਲੋਂ ਹਰ ਸਾਲ ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ ਕਰਵਾਇਆ ਜਾਂਦਾ ਹੈ।16 ਅਗਸਤ 2005 ਵਿਚ ਉਹ



ਸਵਰਗ ਸਧਾਰ ਗਏ। ਸਰਧਾਜ਼ਲੀ ਸਮਾਰੋਹ ਦੀ ਸੁਰੂਆਤ ਵਿਚ ਫਰਜਿਨੋ ਇਲਾਕੇ ਦੀ ਪ੍ਰਸਿਧ ਲੋਕ ਸੇਵਕ ਰੇਡੀਓ ਟੀ ਵੀ ਹੋਸਟ ਗੁੱਡੀ ਸਿੱਧੂ ਦੀਆਂ ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਪ੍ਰਤੀ ਸਵੇਵਾਂ ਨੂੰ ਯਾਦ ਕਰਦਿਆਂ ਖੜੇ ਹੋ ਕੇ ਮੋਨ ਧਾਰ ਕੇ ਉਨਾਂ ਨੂੰ ਸਰਧਾਜ਼ਲੀ ਭੇਂਟ ਕੀਤੀ ਗਈ।ਗੁਰਬਖਸ਼ ਸਿੰਘ ਧਾਲੀਵਾਲ ਦੀ ਮਿੱਠੀ ਤੇ ਨਿੱਘੀ ਯਾਦ ਨੂੰ ਸਮਰਪਿਤ ਅਯੋਜਿਤ ਕਰਵਾਏ ਗਏ ਸਰਧਾਜ਼ਲੀ ਸਮਾਰੋਹ ਵਿਚ ਇਲਾਕੇ ਦੀਆਂ ਬਹੁਤ ਸਾਰੀਆਂ ਸ਼ਖਸ਼ੀਅਤਾਂ ਨੇ ਹਿਸਾ ਲਿਆ।ਬੁਲਾਰਿਆਂ ਵਿਚ ਹਰਨੇਕ ਸਿੰਘ, ਮਾਸਟਰ ਲਛਮਣ ਸਿੰਘ ਰਠੋੜ, ਡਾ.ਗੁਰਮੇਲ ਸਿੱਧੂ, ਪਰਗਟ ਸਿੰਘ, ਹਰਜਿੰਦਰ ਕੰਗ, ਗੁਰਦੀਪ ਸਿੰਘ ਅਣਖੀ, ਹਰਨਾਮ ਸਿੰਘ ਪਨੂੰ, ਡਾ. ਅਰਜਨ ਸਿੰਘ ਜੋਸ਼ਨ, ਪਿਸ਼ੌਰਾ ਸਿੰਘ ਢਿਲੋਂ, ਬਲਜਿੰਦਰ ਸਿੰਘ(ਮਚਲਾ ਜੱਟ) ਆਦਿ ਬੁਲਾਰਿਆਂ ਨੇ ਆਪਣੀਆਂ ਕਵਿਤਾਵਾਂ, ਗੀਤਾਂ, ਸ਼ੇਅਰਾਂ ਅਤੇ ਸ਼ਬਦਾਂ ਨਾਲ ਗੁਰਬਖਸ਼ ਸਿੰਘ ਧਾਲੀਵਾਲ ਨੂੰ ਉਹਨਾ ਦੀ 14ਵੀਂ ਬਰਸੀ ਤੇ ਯਾਦ ਕੀਤਾ ਅਤੇ ਸਰਧਾਜ਼ਲੀ ਭੇਟ ਕੀਤੀ।ਸਟੇਜ਼ ਦੀ ਕਾਰਵਾਈ ਸ਼ਾਇਰ ਹਰਜਿੰਦਰ ਢੇਸੀ ਨੇ ਨਿਭਾਈ।ਸਮਾਗਮ ਦੇ ਆਖਰ ਵਿਚ ਧਾਲੀਵਾਲ ਪ੍ਰੀਵਾਰ, ਗੁਰਬਖਸ਼ ਸਿੰਘ ਧਾਲੀਵਾਲ ਦੀ ਪੋਤਰੀ ਅਤੇ ਫੋਰਮ ਦੀ ਇਸਤਰੀ ਵਿੰਗ ਦੀ ਸਕੱਤਰ ਸ਼ਰਨਜੀਤ ਧਾਲੀਵਾਲ ਅਤੇ ਫੋਰਮ ਦੇ ਸੈਕਟਰੀ ਸੁਰਿੰਦਰ ਮੰਡਾਲੀ ਨੇ ਆਏ ਹੋਏ ਸਾਰੇ ਪਤਵੰਤਿਆਂ ਦਾ ਧੰਨਵਾਦ ਕਰਦਿਆਂ ਦੱਸਿਆ ਇੰਡੋ ਅਮੈਰਿਕਨ ਹੇਰੀਟੇਜ਼ ਫੋਰਮ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਨੂੰ ਸਮਰਪਤ ਸਮਾਗਮ 24 ਨਵੰਬਰ ਨੂੰ ਹੋਂਵੇਗਾ ਜਿਸ ਵਿਚ ਹੋਰਨਾ ਇਲਾਵਾ ਮੁੱਖ ਬੁਲਾਰੇ ਡਾ. ਹਰਸ਼ਿਦਰ ਕੋਰ ਹੋਣਗੇ ਅਤੇ ਸਲਾਨਾ 20ਵਾਂ ਮੇਲਾ 29 ਮਾਰਚ ਹੋਵੇਗਾ।ਧਾਲੀਵਾਲ ਪਰਿਵਾਰ ਵਲੋਂ ਸਭਨਾਂ ਲਈ ਖਾਣੇ ਦਾ ਪ੍ਰਬੰਧ ਵੀ ਕੀਤਾ ਗਿਆ ਸੀ।

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price

Free Estimates
Free Towing

Prop: Jasbir Singh Takhar
510-755-2132
510- 733- 2222
1421 Industrial PKWY West#F Hayward, CA 94544
Harmandeep Singh

ਦੇਸ਼ ਦੁਆਬਾ

# ਗੁਰੂ ਰਵਿਦਾਸ ਮੰਦਰ ਦੀ ਮੁੜ ਉਸਾਰੀ ਦਾ ਫੈਸਲਾ

ਦਿੱਲੀ ਦੇ ਤੁਗਲਕਾਬਾਦ ਇਲਾਕੇ 'ਚ ਸਥਾਪਤ ਗੁਰੂ ਰਵਿਦਾਸ ਜੀ ਦੇ ਇਤਿਹਾਸਕ ਮੰਦਰ ਨੂੰ ਤੋੜਨ ਦੀ ਗ਼ਲਤੀ ਆਖ਼ਰ ਕੇਂਦਰ ਸਰਕਾਰ ਨੇ ਕਬੂਲ ਲਈ ਹੈ। ਉਹ ਮੰਦਰ ਲਈ ਜਗ੍ਹਾ ਦੇਣ ਲਈ ਤਿਆਰ ਹੈ। ਸਰਕਾਰ ਇਸ ਗੱਲ 'ਤੇ ਵੀ ਸਹਿਮਤ ਹੈ ਕਿ ਮੰਦਰ ਉਸ ਜਗ੍ਹਾ 'ਤੇ ਹੀ ਬਣਾਇਆ ਜਾਵੇਗਾ ਜਿੱਥੇ ਪਹਿਲਾਂ ਸੀ। ਇਹ ਉਨ੍ਹਾਂ ਲੱਖਾਂ ਲੋਕਾਂ ਦੀ ਆਸਥਾ ਦੀ ਜਿੱਤ ਹੈ ਜਿਨ੍ਹਾਂ ਨੇ ਮੰਦਰ ਲਈ ਸੰਘਰਸ਼ ਕੀਤਾ।

ਦਿੱਲੀ ਵਿਕਾਸ ਅਥਾਰਟੀ (ਡੀਡੀਏ) ਨੇ 9 ਅਗਸਤ ਨੂੰ ਮੰਦਰ ਢਾਹ ਦਿੱਤਾ ਸੀ ਜਿਸ ਦਾ ਦੇਸ਼ ਦੇ ਕਈ ਹਿੱਸਿਆਂ ਵਿਚ ਤਿੱਖਾ ਵਿਰੋਧ ਹੋਇਆ ਸੀ। ਲੋਕਾਂ ਦੇ ਵਿਰੋਧ ਮਗਰੋਂ ਸੁਪਰੀਮ ਕੋਰਟ ਨੇ ਕੇਂਦਰ ਨੂੰ ਮਸਲੇ ਦਾ ਹੱਲ ਲੱਭਣ ਲਈ ਕਿਹਾ ਸੀ। ਸਰਕਾਰ ਨੇ ਸੁਪਰੀਮ ਕੋਰਟ ਨੂੰ ਹੁਣ ਦੱਸਿਆ ਹੈ ਕਿ ਮਾਮਲੇ ਦੀ ਸੰਵੇਦਨਸ਼ੀਲਤਾ ਅਤੇ ਸ਼ਰਧਾਲੂਆਂ ਦੀ ਆਸਥਾ ਦੇ ਮੱਦੇਨਜ਼ਰ ਸਰਕਾਰ ਮੰਦਰ ਦੀ ਉਸਾਰੀ ਲਈ ਉਸੇ ਜਗ੍ਹਾ 400 ਵਰਗ ਮੀਟਰ ਜ਼ਮੀਨ ਦੇਵੇਗੀ। ਡੀਡੀਏ ਨੇ ਜਦੋਂ ਗੁਰੂ ਰਵਿਦਾਸ ਮੰਦਰ ਢਾਹਿਆ ਸੀ ਤਾਂ ਦਿੱਲੀ ਤੋਂ ਪੰਜਾਬ ਅਤੇ ਭਾਰਤ ਦੇ ਹੋਰਨਾਂ ਰਾਜਾਂ ਅੰਦਰ ਮਾਹੌਲ ਕਾਫ਼ੀ ਗਰਮਾ ਗਿਆ ਸੀ। ਮੰਦਰ ਲਈ ਰਾਮਲੀਲ੍ਹਾ ਮੈਦਾਨ ਵਿਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਹਜ਼ਾਰਾਂ ਲੋਕਾਂ ਨੇ ਰੋਸ ਮੁਜ਼ਾਹਰਾ ਕੀਤਾ ਸੀ। ਮੰਦਰ 'ਤੇ ਕਾਰਵਾਈ ਦੇ ਵਿਰੋਧ 'ਚ ਪੰਜਾਬ ਦੇ ਵੱਖ-ਵੱਖ ਹਿੱਸਿਆਂ 'ਚ ਵੀ ਮੁਜ਼ਾਹਰੇ ਹੋਏ। ਹੋਰ ਤਾਂ ਹੋਰ ਦੁਨੀਆਂ ਭਰ ਵਿਚ ਭਾਰਤੀ ਦੂਤਘਰਾਂ ਅੱਗੇ ਮੁਜਾਹਰੇ ਹੋਏ ਅਤੇ ਮੈ-ਮੋਰੰਡਮ ਦਿੱਤੇ ਗਏ।

ਫਗਵਾੜਾ, ਜਲੰਧਰ, ਹੁਸ਼ਿਆਰਪੁਰ, ਗੁਰਦਾਸਪੁਰ ਅਤੇ ਕਪੂਰਥਲਾ ਸਮੇਤ ਕਈ ਜ਼ਿਲ੍ਹਿਆਂ ਵਿਚ ਬੰਦ ਰੱਖਿਆ ਗਿਆ ਸੀ। ਲੁਧਿਆਣਾ, ਬਰਨਾਲਾ, ਫਿਰੋਜ਼ਪੁਰ, ਮੋਗਾ ਅਤੇ ਅੰਮ੍ਰਿਤਸਰ ਸਮੇਤ ਹਰਿਆਣਾ ਦੇ ਕੁਝ ਕਸਬਿਆਂ ਵਿਚ ਰਵਿਦਾਸ ਭਾਈਚਾਰੇ ਵੱਲੋਂ ਪ੍ਰਦਰਸ਼ਨ ਕੀਤੇ ਗਏ ਸਨ। ਇੱਥੇ ਇਹ ਗੱਲ ਦੇਖਣ ਵਾਲੀ ਹੈ ਕਿ ਪਹਿਲਾਂ ਸੁਪਰੀਮ ਕੋਰਟ ਦੇ ਆਦੇਸ਼ 'ਤੇ ਮੰਦਰ ਤੋੜਿਆ ਗਿਆ ਤੇ ਹੁਣ ਸੁਪਰੀਮ ਕੋਰਟ ਦੇ ਹੀ ਆਦੇਸ਼ 'ਤੇ ਨਵ-ਨਿਰਮਾਣ ਹੋਵੇਗਾ। ਦਰਅਸਲ, ਇਹ ਮਾਮਲਾ ਨੌਕਰਸ਼ਾਹੀ ਤੇ ਸਿਆਸੀ ਆਗੂਆਂ ਦੀ ਨਾਸਮਝੀ ਹੀ ਉਘਾੜਦਾ ਹੈ।

ਸੁਪਰੀਮ ਕੋਰਟ ਤਕ ਗੱਲ ਪਹੁੰਚਣ ਤਕ ਮਾਮਲੇ ਨੂੰ ਹਲਕੇ ਤਰੀਕੇ ਨਾਲ ਲਿਆ ਗਿਆ। ਕਿਸੇ ਸਿਆਸੀ ਆਗੂ ਨੇ ਪਹਿਲ ਨਹੀਂ ਕੀਤੀ। ਪਹਿਲਾਂ ਹੀ ਸਾਰੀਆਂ ਧਿਰਾਂ ਨੂੰ ਨਾਲ ਲੈਣਾ ਚਾਹੀਦਾ ਸੀ। ਜੇ ਸੁਪਰੀਮ ਕੋਰਟ ਦਾ ਮੰਦਰ ਤੋੜਨ ਦਾ ਫ਼ੈਸਲਾ ਆਉਣ ਤੋਂ ਬਾਅਦ ਹੀ ਕੇਂਦਰ ਸਰਕਾਰ ਕੋਰਟ ਚਲੀ ਜਾਂਦੀ ਤਾਂ ਮੰਦਰ ਢਾਹੁਣ ਦੀ ਨੌਬਤ ਹੀ ਨਹੀਂ ਸੀ ਆਉਣੀ। ਆਖ਼ਰ ਮੰਦਰ ਤੋੜ ਕੇ ਕਿਸ ਨੂੰ ਕੀ ਹਾਸਲ ਹੋਇਆ? ਸਰਕਾਰ ਵੱਲੋਂ ਪਹਿਲਾਂ ਪੱਖ ਰੱਖਣ ਵਾਲਿਆਂ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਸੀ ਕਿ ਮੰਦਰ ਕਿੰਨਾ ਪ੍ਰਾਚੀਨ ਹੈ ਅਤੇ ਗੁਰੂ ਰਵਿਦਾਸ ਮਹਾਰਾਜ ਦਾ ਇਤਿਹਾਸ 'ਚ ਕੀ ਸਥਾਨ ਹੈ।

ਸ੍ਰੀ ਗੁਰੂ ਰਵਿਦਾਸ ਜੀ ਭਗਤੀ ਅੰਦੋਲਨ ਦੇ ਉਹ ਕ੍ਰਾਂਤੀਕਾਰੀ ਰਹਿਬਰ ਸਨ ਜਿਨ੍ਹਾਂ ਦੀ ਬਾਣੀ ਅੱਜ ਵੀ ਸਾਨੂੰ ਸਤਿ ਦਾ ਮਾਰਗ ਦਿਖਾ ਰਹੀ ਹੈ। ਦੂਜੇ ਪਾਸੇ ਮੰਦਰ ਦੀ ਗੱਲ ਕਰੀਏ ਤਾਂ ਮੰਦਰ ਤੋਂ ਲਗਭਗ 100 ਮੀਟਰ ਪੂਰਬ ਵੱਲ ਜਿਹੜੀ ਸੜਕ ਹੈ, ਉਸ ਦਾ ਨਾਂ 'ਗੁਰੂ ਰਵਿਦਾਸ ਮਾਰਗ' ਹੈ ਅਤੇ ਸੱਜੇ ਪਾਸੇ ਬਣੇ ਬੱਸ ਅੱਡੇ ਦਾ ਨਾਂ ਵੀ ਮੰਦਰ ਦੇ ਨਾਂ 'ਤੇ ਹੀ ਹੈ।

ਇਸ ਤੋਂ ਪਤਾ ਲੱਗਦਾ ਹੈ ਕਿ ਮੰਦਰ ਕਿੰਨਾ ਪੁਰਾਣਾ ਹੈ। ਜਦੋਂ ਅਜਿਹੇ ਧਾਰਮਿਕ ਅਸਥਾਨ ਨੂੰ ਤੋੜਿਆ ਜਾਵੇਗਾ ਤਾਂ ਲੋਕਾਂ ਨੇ ਤਾਂ ਫਿਰ ਭੜਕਣਾ ਹੀ ਸੀ। ਲੱਖਾਂ ਲੋਕਾਂ ਦੀ ਆਸਥਾ ਨੂੰ ਸੱਟ ਮਾਰਨ ਮਗਰੋਂ ਕੇਂਦਰ ਸਰਕਾਰ ਨੇ ਜੋ ਹੁਣ ਕੀਤਾ ਹੈ ਉਹ ਪਹਿਲਾਂ ਵੀ ਕੀਤਾ ਜਾ ਸਕਦਾ ਸੀ। ਇਹ ਗੱਲ ਪਹਿਲਾਂ ਸਮਝ ਆ ਜਾਂਦੀ ਤਾਂ ਨਾ ਮੰਦਰ ਤੋੜਿਆ ਜਾਂਦਾ, ਨਾ ਧਰਨੇ ਲੱਗਦੇ ਅਤੇ ਨਾ ਹੀ ਆਮ ਲੋਕ ਪਰੇਸ਼ਾਨ ਹੁੰਦੇ। ਧਰਮ ਨਾਲ ਜੁੜੇ ਅਜਿਹੇ ਨਾਜ਼ੁਕ ਮੁੱਦਿਆਂ 'ਤੇ ਬਹੁਤ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਲੋਕਾਂ ਦੀ ਆਸਥਾ ਨੂੰ ਸੱਟ ਨਾ ਵੱਜੇ।

ਅਸੀਂ ਸਰਕਾਰ ਤੋਂ ਇਹ ਵੀ ਮੰਗ ਕਰਦੇ ਹਾਂ ਕਿ ਤੁਗਲਕਾਬਾਦ ਦਾ ਨਾਂ ਬਦਲ ਕੇ ਸ੍ਰੀ ਗੁਰੂ ਰਵਿਦਾਸ ਨਗਰ ਰੱਖਿਆ ਜਾਵੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-118

## ਗੁਰ ਦੀਖਿਆ ਤੋਂ ਕੀ ਭਾਵ ਹੈ?



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰ-ਗਿਆਨ ਦਾਤਾ। ਦੀਖਿਆ-ਉਪਦੇਸ਼, ਸਿਖਿਆ। ਮਹਾਨ ਕੋਸ਼ ਅਨੁਸਾਰ ਦੀਖਿਆ ਸੰਸਕ੍ਰਿਤ ਲਫਜ਼ ਤੇ ਇਸ ਦਾ ਅਰਥ ਉਪਦੇਸ਼ ਦੇਣਾ, ਧਰਮ ਸਿਖਾਉਣਾ ਹੈ। ਅਸਲ ਅਰਥ ਬਣਿਆਂ ਗੁਰੂ ਦਾ ਉਪਦੇਸ਼, ਗੁਰੂ ਦੀ ਸਿਖਿਆ, ਗੁਰੂ ਧਾਰਨ ਕਰਨਾ। ਦੀਖਿਆ ਨਾਲ ਦੱਖਨਾ ਦਾਨ ਵੀ ਜੋੜ ਦਿੱਤਾ ਜਾਂਦੈ ਪਰ ਦੱਖਨਾ ਦਾਨ ਤਾਂ ਪ੍ਰੋਹਿਤ ਲੈਂਦਾ ਹੈ (ਮਹਾਨ ਕੋਸ਼)। ਕੋਈ ਦੇਹਧਾਰੀ ਗੁਰੂ ਬਸਤ੍ਰ, ਨਾਰੀਅਲ, ਸੋਨਾ, ਚਾਂਦੀ, ਲੋਹਾ ਆਦਿਕ ਧਾਤ, ਰੁਪਇਆ ਪੈਸਾ, ਜਾਨਵਰਾਂ ਦੀ ਭੇਟਾ ਲੈਂਦੈ ਪਰ ਗੁਰਮਤਿ ਵਿੱਚ ਆਪਾ ਸਰਮਪਣ ਦੀ ਭੇਟਾ (ਦੱਖਨਾ) ਭਾਵ ਆਪਾ ਗੁਰੂ ਦੇ ਹਵਾਲੇ ਕਰਨਾ ਪ੍ਰਵਾਨ ਹੈ। ਭਲਿਓ ਗੁਰਮਤਿ 'ਚ "ਸ਼ਬਦ ਗੁਰੂ ਗ੍ਰੰਥ" ਦੀ ਸਮੱਗਰ ਬਾਣੀ ਹੀ ਗੁਰ ਦੀਖਿਆ ਹੈ। ਇਸ ਸਬੰਧ 'ਚ ਗੁਰਬਾਣੀ ਦੇ ਮਹਾਨ ਵਾਕ ਅਰਥਾਂ ਸਮੇਤ ਇਸ ਪ੍ਰਕਾਰ ਹਨ-ਸਲੋਕੁ॥ ਸਾਧੂ ਕੀ ਮਨ ਓਟ ਗਹੁ ਉਕਤਿ ਸਿਆਨਪ ਤਿਆਗੁ॥ ਗੁਰ ਦੀਖਿਆ ਜਿਹ ਮਨਿ ਬਸੈ ਨਾਨਕ ਮਸਤਕਿ ਭਾਗੁ॥੧॥(੨੬੦)-ਹੇ ਮਨ! ਜੇ ਹਉਮੈ ਦੀ ਚੋਭ ਤੋਂ ਬਚਣਾ ਹੈ ਤਾਂ ਗੁਰੂ ਦਾ ਆਸਰਾ ਲੈ, ਆਪਣੀਆਂ ਦਲੀਲ-ਬਾਜ਼ੀਆਂ ਤੇ ਸਿਆਣਪਾਂ ਛੱਡ। ਹੇ ਨਾਨਕ! ਜਿਸ ਮਨੁੱਖ ਦੇ ਮਨ ਵਿੱਚ ਗੁਰੂ ਦੀ ਸਿੱਖਿਆ ਵੱਸਦੀ, ਉਸ ਦੇ ਮੱਥੇ ਉਤੇ ਚੰਗਾ ਲੇਖ ਉੱਘੜਿਆ ਸਮਝਣਾ ਚਾਹੀਦਾ ਹੈ। ਪੂਰੇ ਗੁਰ ਕੀ ਪੂਰੀ ਦੀਖਿਆ॥ ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ॥(੨੯੩)-ਪੂਰੇ ਸਤਿਗੁਰੂ ਦੀ ਸਿੱਖਿਆ ਭੀ ਪੂਰਨ ਭਾਵ ਮੁਕੰਮਲ ਹੁੰਦੀਐ ਜਿਸ ਮਨੁੱਖ ਦੇ ਮਨ 'ਚ ਇਹ ਸਿੱਖਿਆ ਵੱਸਦੀ ਏ ਉਸ ਨੂੰ ਸਦਾ-ਥਿਰ ਰਹਿਣ ਵਾਲਾ ਕਰਤਾਰ ਸਮਝ ਆ ਜਾਂਦਾ ਹੈ। ਸਿਖਿਆ ਦੀਖਿਆ ਭੋਜਨ ਭਾਉ॥ ਹੁਕਮਿ ਸੰਜੋਗੀ ਨਿਜ ਘਰਿ ਜਾਉ॥੬॥ ਸਿਖੀ ਸਿਖਿਆ ਗੁਰ ਵੀਚਾਰਿ॥(੪੬੫)-ਮੈਂ ਗੁਰੂ ਨਾਲ ਵਿਚਾਰ ਕਰਕੇ ਸਿਖਿਆ ਸਿੱਖੀ ਹੈ। ਪੂਰੇ ਗੁਰ ਕੀ ਪੂਰੀ ਦੀਖਿਆ॥ ਪੂਰੇ ਗੁਰੂ ਦੀ ਸਿਖਿਆ ਹੀ ਪੂਰਨ ਹੁੰਦੀ ਹੈ। ਇਸ ਦਾ ਮਤਲਵ ਅਧੂਰੇ ਗੁਰੂ ਵੀ ਨੇ ਉਨ੍ਹਾਂਪਾਖੰਡੀ ਗੁਰੂਆਂ ਤੋਂ ਬਚਣ ਦੀ ਲੋੜ ਹੈ। ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ॥(੧੫੦) ਭਾਵ ਗੁਰੂ ਸਿਖਿਆਂ ਨਾਲ ਆਪੇ ਦੀ ਸਮਝ ਪੈਂਦੀ ਅਤੇ ਸੱਚ 'ਚ ਸਮਾਉਣਾ ਭਾਵ ਸੱਚ ਸਮਝਣਾ ਹੀ ਉਸ ਦੀ ਸਿਫਤ ਹੈ। ਦੀਖਿਆ ਗੁਰ ਕੀ ਮੁੰਦ੍ਰਾ ਕਾਨੀ ਦ੍ਰਿੜਿਓ ਏਕੁ ਨਿਰੰਕਾਰਾ॥੧॥(੨੦੮)-ਗੁਰੂ ਦੀ ਸਿਖਿਆ ਦ੍ਰਿੜ ਕਰਨੀ ਕਿ ਉਹ ਇਕ ਨਿਰੰਕਾਰ ਤੇ ਕੰਨਾ ਨਾਲ ਸੁਣਨੀ ਹੀ ਕੰਨੀਂ ਮੁੰਦਰਾਂ ਹਨ। ਗੁਰ ਦੀਖਿਆ ਜਿਹ ਮਨਿ ਬਸੈ ਨਾਨਕ ਮਸਤਕਿ ਭਾਗੁ॥੧॥ (੨੬੦)-ਭਾਵ ਜਿਸ ਦੇ ਮਨ 'ਚ ਗੁਰੂ ਸਿਖਿਆ ਵੱਸ ਜਾਵੇ, ਇਹ ਹੀ ਉਸ ਦੇ ਮਸਤਕ ਭਾਗ ਹਨ। ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ॥੨੫॥ (੩੧੪)-ਗੁਰਮੁਖਾਂ ਦੀ ਚਾਲ ਬਾਕੀਆਂ ਨਾਲੋਂ ਵੱਖਰੀ ਹੁੰਦੀ ਹੈ ਕਿਉਂਕਿ ਗੁਰੂ ਦੀ ਸਿਖਿਆ ਸੁਣ ਉਨਾਂ ਦਾ ਮਨ ਭਿੱਜ ਜਾਂਦਾ ਹੈ। ਬਾਘੁ ਮਰੈ ਮਨੁ ਮਾਰੀਐ ਜਿਸੁ ਸਤਿਗੁਰ ਦੀਖਿਆ ਹੋਇ॥(੧੪੧੦)-ਜਿਸ ਮਨੁੱਖ ਨੂੰ ਗੁਰ ਸਿਖਿਆ ਪ੍ਰਾਪਤ ਹੋ ਜਾਵੇ, ਉਸ ਦਾ ਮਨ ਵੱਸ ਹੋ ਜਾਂਦੈ ਕਿਉਂਕਿ ਗੁਰ ਸਿਖਿਆ ਨਾਲ ਅੰਦਰੋ ਆਤਮ ਜੀਵਨ ਨੂੰ ਖਾ ਜਾਣ ਵਾਲਾ ਬਘਿਆੜ ਮਰ ਜਾਂਦਾ ਹੈ। ਗੁਰ ਕੀ ਦੀਖਿਆ ਸੇ ਸਚਿ ਰਾਤੇ॥(੯੪੪)-ਗੁਰੂ ਦੀ ਸਿਖਿਆ ਗ੍ਰਹਿਣ ਕਰਨ ਵਾਲੇ ਸੱਚ 'ਚ ਰੰਗੇ ਜਾਂਦੇ ਹਨ। ਬਿਨੁ ਗੁਰ ਦੀਖਿਆ ਕੈਸੇ ਗਿਆਨੁ॥(੧੧੪੦) ਗੁਰ ਉਪਦੇਸ਼ ਤੋਂ ਬਿਨਾ ਮਨੁੱਖਾ ਜੀਵਨ ਦਾ ਅਸਲੀ ਗਿਆਨ ਨਹੀਂ ਹੋ ਸਕਦਾ। ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ॥ ਅਨਦਿਨੁ ਏਕੋ ਨਾਮੁ ਵਖਾਣੈ॥ ਸਤਿਗੁਰ ਕੀ ਓਹੁ ਦੀਖਿਆ ਲੇਇ॥ ਸਤਿਗੁਰ ਆਗੈ ਸੀਸੁ ਧਰੇਇ॥(੧੨੬੧) ਜੋ ਵਿਦਵਾਨ ਆਪਣੇ ਆਪ ਤੋਂ ਮਾਇਆ ਦੇ ਰਜੋ, ਸਤੋ ਤੇ ਤਮੋ ਤਿੰਨਾਂ ਗੁਣਾਂ ਦੀ ਪੰਡ ਉਤਾਰ ਦਿੰਦਾ ਤੇ ਹਰ ਵੇਲੇ ਰੱਬੀ ਨਿਯਮਾਂ ਦਾ ਪ੍ਰਚਾਰ ਕਰਦੈ ਅਜਿਹਾ ਸਿੱਖ ਪੰਡਿਤ ਭਾਵ ਵਿਦਵਾਨ ਸੱਚੇ ਗੁਰੂ ਦੀ ਸਿਖਿਆ ਲੈ, ਉਸ ਅੱਗੇ ਆਪਾ ਸਮਰਪਣ ਕਰ ਦਿੰਦਾ ਹੈ। ਸਲੋਕੁ ਮਃ ੨॥ ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ॥ ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥੧॥(੧੫੦) ਗੁਰੁ ਨਾਨਕ ਦੇਉ-ਉਹ 'ਗੁਰੂ' ਜਿਸ 'ਗੁਰੂ' ਨਾਲ ਗੁਰੂ ਨਾਨਕ ਪਾਤਸ਼ਾਹ ਨੇ ਸਾਰੇ ਸੰਸਾਰ ਨੂੰ ਜੋੜਿਆ ਹੈ। ਹੇ ਨਾਨਕ! ਜਿਨ੍ਹਾਂ ਨੂੰ ਉਸ ਗੁਰੂ ਨੇ ਸਿੱਖਿਆ ਦੇ ਕੇ, ਗਿਆਨ ਅਤੇ ਸਿਫ਼ਤਿ-ਸਾਲਾਹ ਦੀ ਰਾਹੀਂ ਸੱਚ ਵਿੱਚ ਜੋੜਿਐ ਉਨ੍ਹਾਂ ਨੂੰ ਕਿਸੇ ਹੋਰ ਉਪਦੇਸ਼ ਦੀ ਲੋੜ ਨਹੀਂ ਰਹਿੰਦੀ ਭਾਵ ਪ੍ਰਭੂ ਦੇ ਨਾਮ (ਨਿਯਮ)'ਚ ਜੁੜਨ ਦੀ ਸਿੱਖਿਆ ਤੋਂ ਉੱਚੀ ਹੋਰ ਕੋਈ ਸਿੱਖਿਆ ਨਹੀਂ ਹੈ।

ਨੋਟ-ਧਿਆਨ ਰਹੇ ਇਥੇ "ਗੁਰੁ ਅਤੇ ਨਾਨਕ ਦੇਉ" ਦੋਵੇਂ ਪਾਸੇ "ਗੁਰੁ" ਤੇ "ਨਾਨਕ ਦੇਉ" ਹੇਠਾਂ ਔਂਕੜ (-) ਹੋਣ ਕਰਕੇ ਵਿਆਕਰਣ ਅਨੁਸਾਰ ਇਹ ਦੋਵੇਂ ਸਬੰਧਕ ਤੇ ਇੱਕ ਦੂਜੇ ਤੋਂ ਵੱਖ ਵੱਖ ਨਹੀਂ ਹਨ।


ਇਸ ਦੇ ਨਾਲ ਇਹ ਵੀ ਸੱਚ ਹੈ ਕਿ ਪ੍ਰਭੂ ਦੀ ਸਿਫ਼ਤ ਸਲਾਹ ਤੇ ਉਹ ਸਿਖਿਆ ਜਿਹੜੀ ਗੁਰੂ ਨਾਨਕ ਪਾਤਸ਼ਾਹ ਰਾਹੀਂ ਸੰਸਾਰ 'ਚ ਪ੍ਰਗਟ ਕੀਤੀ ਗਈ ਹੈ। ਦੀਖਿਆ ਆਖਿ ਬੁਝਾਇਆ-ਦੂਜੇ ਪਾਤਸ਼ਾਹ ਦੀ ਰਚਨਾ ਇਸ ਸਲੋਕ 'ਚ ਗੁਰਦੇਵ ਸਪਸ਼ਟ ਕਰ ਰਹੇ ਹਨ ਕਿ ਕਰਤੇ ਦੀ ਸਿਫ਼ਤ ਸਲਾਹ ਨੂੰ ਜੀਵਨ 'ਚ ਵਸਾਉਣ ਲਈ ਸਤਿਗੁਰੂ ਦੇ ਉਪਦੇਸ਼ਾਂ ਦੀ ਕਮਾਈ ਦੀ ਲੋੜ ਹੁੰਦੀ ਹੈ, ਉਸਤੋਂ ਬਿਨਾ ਅਜਿਹਾ ਹੋ ਜਾਣਾ ਹੀ ਸੰਭਵ ਨਹੀਂ। ਫਿਰ ਮਨੁੱਖਾ ਜੀਵਨ ਦੀ ਇਸੇ ਸਚਾਈ ਨੂੰ ਗੁਰਦੇਵ ਬੜੇ ਵਜਦ 'ਚ ਆ ਕੇ ਤੇ ਅਟੱਲ ਵਿਸ਼ਵਾਸ ਰਾਹੀਂ ਦ੍ਰਿੜ ਕਰਵਾਉਂਦੇ ਹਨ ਕਿ ਉਹ ਸਦਾ ਥਿਰ ਸਤਿਗੁਰੂ, ਜਿਸ ਸਤਿਗੁਰੂ ਨੂੰ ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪ ਸੰਸਾਰ 'ਚ ਪ੍ਰਗਟ ਕੀਤਾ ਹੈ। ਇਸ ਲਈ ਜਿਹੜੇ ਲੋਕ ਗੁਰੂ ਨਾਨਕ ਪਾਤਸ਼ਾਹ ਰਾਹੀਂ ਪ੍ਰਗਟ ਤੇ ਪ੍ਰਵਾਣਤ ਗੁਰੂ-ਗੁਰਬਾਣੀ ਨਾਲ ਜੁੜ ਜਾਂਦੇ ਹਨ ਤੇ ਉਸ ਦੀ ਕਮਾਈ ਕਰਦੇ ਨੇ ਉਨ੍ਹਾਂ ਨੂੰ ਕਿਸੇ ਵੀ ਹੋਰ ਗੁਰੂ ਉਪਦੇਸ਼ ਦੀ ਲੋੜ ਹੀ ਨਹੀਂ ਰਹਿ ਜਾਂਦੀ ਕਿਉਂਕਿ ਗੁਰ ਅੰਗਦ ਦੇ ਰੂਪ 'ਚ ਨਾਨਕ ਪਾਤਸ਼ਾਹ ਦਰਸਾਉਂਦੇ ਹਨ ਕਿ ਸ਼ਬਦ ਗੁਰੂ ਹੀ ਇਕੋ ਇੱਕ ਸੱਚਾ ਤੇ ਥਿਰ ਸਤਿਗੁਰੂ ਹੈ।

ਕਈ ਖੰਡੇ ਦੀ ਪਾਹੁਲ ਨੂੰ ਵੀ ਗੁਰ ਦੀਖਿਆ ਕਹੀ ਜਾਂਦੇ ਹਨ ਜਦ ਕਿ ਉਹ ਇਕ ਪ੍ਰਣ ਹੈ ਪਰ ਜਦ ਗੁਰੂ ਨੇ ਸਿੱਖਾਂ ਨੂੰ "ਸ਼ਬਦ ਗੁਰੂ ਗ੍ਰੰਥ" ਦੇ ਲੜ ਲਾ ਦਿੱਤਾ ਤਾਂ ਗੁਰਸਿੱਖਾਂ ਦੀ ਦੀਖਿਆ ਸਿਖਿਆ "ਸ਼ਬਦ ਗੁਰੂ" ਦੀ ਬਾਣੀ ਹੋ ਗਈ। ਪਰ ਅਜੇ ਵੀ ਬਹੁਤੇ ਭੁੱਲੜ ਸਿੱਖ ਆਪੋ ਆਪਣੀ ਜਾਤ ਬ੍ਰਾਦਰੀ ਜਾਂ ਧੜੇ ਦੇ ਆਗੂਆਂ ਨੂੰ ਦੇਹਧਾਰੀ ਗੁਰੂ ਬਣਾ ਪੂਜ ਰਹੇ ਹਨ ਜਦ ਕਿ ਗੁਰਸਿਖ ਦੀ ਕੋਈ ਵੱਖ ਵੱਖ ਜਾਤ ਬ੍ਰਾਦਰੀ ਨਹੀਂ ਹੁੰਦੀ। ਗੁਰੂ ਵਾਲੇ ਬਣਨ ਵਾਸਤੇ ਪ੍ਰਣ ਕਰਕੇ "ਸ਼ਬਦ ਗੁਰੂ ਗ੍ਰੰਥ" ਦੇ ਲੜ ਲੱਗੋ ਭਾਵ ਗੁਰੂ ਦੀ ਬਾਣੀ ਆਪ ਪੜ੍ਹਿਆ ਵਿਚਾਰਿਆ ਤੇ ਹਿਰਦੇ 'ਚ ਧਾਰਿਆ ਕਰੋ। ਤਨ ਮਨ ਧਨ ਆਪਾ ਗੁਰੂ ਨੂੰ ਸਮਰਪਤ ਕਰਨਾ ਹੀ ਗੁਰ ਦੀਖਿਆ ਹੈ-ਤਨੁ ਮਨੁ ਧਨੁ ਸਭਿ ਸਉਪ ਗੁਰ ਕਉ ਹੁਕਮ ਮੰਨਿਐ ਪਾਈਐ॥(ਸ਼ਬਦ ਗੁਰੂ ਗ੍ਰੰਥ) ਸੋ ਇਹ ਸੀ ਗੁਰ ਦੀਖਿਆ ਬਾਰੇ ਗੁਰਮਤਿ ਵਿਚਾਰ ਜੋ ਗੁਰਬਾਣੀ ਦੇ ਅਧਾਰ 'ਤੇ ਲਿਖਣ ਦਾ ਯਤਨ ਕੀਤਾ ਹੈ।

# ਮਹਾਨ ਵਿਗਿਆਨੀ ਅਲਫਰਡ ਨੋਬਲ

ਪ੍ਰੋ. ਅੱਛਰੂ ਸਿੰਘ

ਅਲਫਰਡ ਨੋਬਲ ਦਾ ਜਨਮ 21 ਅਕਤੂਬਰ 1833 ਨੂੰ ਹੋਇਆ। ਉਸ ਦਾ ਪਿਤਾ ਜੋ ਉਸ ਸਮੇਂ ਧਮਾਕਾਖੇਜ਼ ਵਸਤਾਂ ਦੇ ਰਸਾਇਣਕ ਸਰੂਪ ਦਾ ਅਧਿਐਨ ਕਰ ਰਿਹਾ ਸੀ, ਇਕ ਤੀਖਣ ਬੁੱਧੀ ਅਤੇ ਉੱਦਮੀ ਸੁਭਾਅ ਵਾਲਾ ਸਤਿਕਾਰਤ ਇੰਜੀਨੀਅਰ ਸੀ। ਜਲਦੀ ਹੀ ਉਹ ਪਾਣੀ ਵਿਚ ਚੱਲਣ ਵਾਲੀ ਬਾਰੂਦੀ ਸੁਰੰਗ ਬਣਾਉਣ ਵਿਚ ਸਫ਼ਲ ਹੋ ਗਿਆ। ਇਹ ਅਜਿਹਾ ਹਥਿਆਰ ਸੀ, ਜਿਸ ਨੇ ਤੁਰੰਤ ਵਿਦੇਸ਼ੀ ਸ਼ਕਤੀਆਂ ਦਾ ਧਿਆਨ ਖਿੱਚਿਆ , ਜੋ ਇਸ ਨੂੰ ਆਪਣੇ ਹਥਿਆਰਾਂ ਦੇ ਭੰਡਾਰ 'ਚ ਸ਼ਾਮਲ ਕਰਨਾ ਚਾਹੁੰਦੀਆਂ ਸਨ।



ਅਲਫਰਡ ਦੇ ਪਿਤਾ ਨੂੰ ਆਈਆਂ ਬਹੁਤ ਸਾਰੀਆਂ ਪੇਸ਼ਕਸ਼ਾਂ 'ਚੋਂ ਇਕ ਰੂਸ ਵੱਲੋਂ ਸੀ। ਉਸ ਨੇ ਇਸ ਨੂੰ ਸਵੀਕਾਰ ਕਰ ਲਿਆ ਤੇ ਪੀਟਰਜ਼ਬਰਗ (ਜਿਸ ਨੂੰ ਹੁਣ ਲੈਨਿਨਗਰਾਦ ਕਿਹਾ ਜਾਂਦਾ ਹੈ) ਵਿਖੇ ਚਲਾ ਗਿਆ , ਜਿੱਥੇ ਉਸ ਨੂੰ ਪਾਣੀਦੋਜ਼ ਬਾਰੂਦੀ ਸੁਰੰਗਾਂ ਦੇ ਵੱਡੇ ਪੈਮਾਨੇ 'ਤੇ ਉਤਪਾਦਨ ਲਈ ਇਕ ਅਸਲੇਖਾਨੇ ਵਿਚ ਰਹਿਣਾ ਪਿਆ। ਅਲਫਰਡ ਦੀ ਪੜ੍ਹਾਈ ਸਟਾਕਹੋਮ ਵਿਚ ਸ਼ੁਰੂ ਹੋਈ, ਪੀਟਰਜ਼ਬਰਗ ਵਿਚ ਜਾਰੀ ਰਹੀ ਤੇ ਅਮਰੀਕਾ ਵਿਚ ਪੂਰੀ ਹੋਈ,ਜਿੱਥੇ ਉਸ ਨੂੰ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਲਈ ਭੇਜਿਆ ਗਿਆ। ਜਲਦੀ ਹੀ ਰਸਾਇਣ ਵਿਗਿਆਨ ਤੇ ਮਕੈਨਿਕਸ ਵੱਲ ਉਸ ਦਾ ਝੁਕਾਅ ਸਪਸ਼ਟ ਹੋ ਗਿਆ ਤੇ ਲੋਕ ਉਸ ਬਾਰੇ ਇਕ ਨਵੀਂ ਕਿਸਮ ਦੇ ਗੈਸੋਮੀਟਰ (ਗੈਸ ਟੈਂਕ 'ਚੋਂ ਬਾਹਰ ਜਾ ਰਹੀ ਗੈਸ ਮਾਪਣ ਦਾ ਯੰਤਰ) ਤੇ ਪਾਣੀ ਦੀ ਮਾਤਰਾ ਮਾਪਣ ਦੇ ਨਵੇਂ ਯੰਤਰ ਦੇ ਨੌਜਵਾਨ ਈਜਾਦਕਾਰ ਵਜੋਂ ਗੱਲਾਂ ਕਰ ਰਹੇ ਸਨ। ਇਸ ਦੌਰਾਨ ਜਿਨ੍ਹਾਂ ਸੈਨਿਕ ਲੋੜਾਂ ਨੇ ਰੂਸ ਨੂੰ ਅਲਫਰਡ ਦੇ ਪਿਤਾ ਦੀਆਂ ਸੇਵਾਵਾਂ ਪ੍ਰਾਪਤ ਕਰਨ ਲਈ ਮਜਬੂਰ ਕੀਤਾ ਸੀ, ਉਹ ਪ੍ਰਭਾਵੀ ਨਾ ਰਹੀਆਂ। ਜਿਹੜੇ ਇਨਕਲਾਬਾਂ ਨੇ ਯੂਰਪ ਨੂੰ ਇੰਨੇ ਸਾਲਾਂ ਤੋਂ ਸਤਾਇਆ ਹੋਇਆ ਸੀ, ਨੈਪੋਲੀਅਨ ਦੇ ਪਤਨ ਤੋਂ ਬਾਅਦ ਉਨ੍ਹਾਂ ਦਾ ਚੱਕਰ ਪੂਰਾ ਹੋ ਚੁੱਕਾ ਸੀ ਤੇ ਪੀਟਰਜ਼ਬਰਗ ਵਿਚ ਬਾਰੂਦੀ ਸੁਰੰਗਾਂ ਬਣਾਉਣੀਆਂ ਤੇ ਇਨ੍ਹਾਂ ਨੂੰ ਬਣਾਉਣ ਵਾਲੇ ਕਾਰਖਾਨੇ ਨੂੰ ਬੰਦ ਕਰਨ ਦਾ ਫ਼ੈਸਲਾ ਕੀਤਾ ਗਿਆ। ਨੋਬਲ ਪਰਿਵਾਰ ਅੱਗੇ ਸਵੀਡਨ ਵਿਚ ਵਾਪਸ ਆਉਣ ਅਤੇ ਆਪਣੇ ਦੇਸ਼ ਵਿਚ ਮੁੜ ਆਪਣਾ ਕੰਮ ਸ਼ੁਰੂ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਆਪਣੇ ਭਰਾ ਤੇ ਪਿਤਾ ਦੇ ਸਹਿਯੋਗ ਨਾਲ ਹੁਣ ਅਲਫਰਡ ਨੋਬਲ ਨੇ ਸਨਅਤੀ ਪੱਧਰ 'ਤੇ ਨਾਈਟਰੋ-ਗਲਿਸਰਿਨ ਦੀ ਇਕ ਸਕੀਮ 'ਤੇ ਕੰਮ ਕਰਨਾ ਸ਼ੁਰੂ ਕੀਤਾ। ਇਸ ਚੀਜ਼ ਦੀ ਖੋਜ ਸੰਨ 1847 ਵਿਚ ਇਕ ਇਤਾਲਵੀ, ਐਸਕੇਨੀਓ ਸੋਬਰੇਰੋ (1812-88) ਵੱਲੋਂ ਕੀਤੀ ਗਈ ਸੀ ਜਿਸ ਨੇ ਬਾਅਦ ਵਿਚ ਖੇਤੀ ਅਤੇ ਖਾਣ-ਖੁਦਾਈ ਵਿਚ ਡਾਇਨਾਮਾਈਟ ਦੀ ਵਰਤੋਂ ਵਿਕਸਤ ਕਰਨੀ ਸੀ ਪਰ ਇਸ ਧਮਾਕਾਖੇਜ਼ ਵਸਤੂ 'ਤੇ ਕੰਮ ਕਰਨ ਵਿਚ ਛੁਪੇ ਖ਼ਤਰੇ ਕਾਰਨ ਕੋਈ ਵੀ ਨਾਈਟਰੋ-ਗਲਿਸਰਿਨ ਨੂੰ ਸਨਅਤੀ ਪੱਧਰ 'ਤੇ ਪੈਦਾ ਕਰਨ 'ਚ ਸਫ਼ਲ ਨਹੀਂ ਸੀ ਹੋ ਸਕਿਆ । ਪ੍ਰਯੋਗ ਕਾਫ਼ੀ ਅੱਗੇ ਪਹੁੰਚ ਚੁੱਕੇ ਸਨ ਤੇ ਇੰਜ ਲੱਗ ਰਿਹਾ ਸੀ ਕਿ ਸਫ਼ਲਤਾ ਨੇੜੇ-ਤੇੜੇ ਹੈ ਪਰ ਇਕ ਹਾਦਸੇ ਨੇ ਸਾਰੇ ਪਰਿਵਾਰ ਨੂੰ ਅਫਸੋਸ-ਗ੍ਰਸਤ ਕਰ ਦਿੱਤਾ। ਨਵੀਂ ਵਰਕਸ਼ਾਪ ਹਾਲੇ ਸ਼ੁਰੂ ਹੀ ਹੋਈ ਸੀ ਕਿ ਭਿਆਨਕ ਧਮਾਕੇ 'ਚ ਕਈ ਵਿਅਕਤੀ ਮਾਰੇ ਗਏ ਤੇ ਅਲਫਰਡ ਦਾ ਭਰਾ ਮਰਨ ਵਾਲਿਆਂ 'ਚੋਂ ਇਕ ਸੀ। ਸਹਿਯੋਗ ਤੇ ਧਨ ਦੀ ਕਮੀ ਕਾਰਨ ਅਲਫਰਡ ਹੁਣ ਗੰਭੀਰ ਸੰਕਟ 'ਚ ਸੀ। ਉਸ ਨੂੰ ਬਹੁਤ ਹੌਸਲੇ ਦੀ ਲੋੜ ਸੀ। ਜੇ ਉਸ ਨੇ ਆਪਣੇ ਪ੍ਰਯੋਗ ਜਾਰੀ ਰੱਖਣੇ ਸਨ ਤਾਂ ਉਸ ਨੂੰ ਕਿਸੇ ਅਜਿਹੇ ਸਥਾਨ 'ਤੇ ਕੰਮ ਕਰਨਾ ਪੈਣਾ ਸੀ, ਜਿੱਥੇ ਉਸ ਦੇ ਕੰਮ ਕਾਰਨ ਕਿਸੇ ਦੂਜੇ ਦੀ ਜਾਨ ਨੂੰ ਖ਼ਤਰਾ ਨਾ ਹੋਵੇ। ਸੋ ਉਸ ਨੇ ਇਕ ਕਿਸ਼ਤੀ ਭਾੜੇ 'ਤੇ ਲਈ ਤੇ ਆਪਣੀ ਨਾਟੀਟਰੋ-ਗਲਿਸਰਿਨ ਉਸ ਪਾਣੀ 'ਤੇ ਤੈਰਦੀ ਫਿਰਦੀ ਪ੍ਰਯੋਗਸ਼ਾਲਾ 'ਚ ਲੈ ਗਿਆ। ਖ਼ੁਸ਼ਕਿਸਮਤੀ ਨਾਲ ਇੱਥੇ ਕੁਝ ਵੀ ਮੰਦਭਾਗਾ ਨਹੀਂ ਵਾਪਰਿਆ। ਨਤੀਜੇ ਇੰਨੇ ਚੰਗੇ ਸਨ ਕਿ ਅਲਫਰਡ ਨੇ ਜਲਦੀ ਹੀ ਦੋ ਫੈਕਟਰੀਆਂ ਖੋਲ੍ਹ ਲਈਆਂ-ਇਕ ਜਰਮਨੀ 'ਚ ਅਤੇ ਦੂਜੀ ਸਵੀਡਨ 'ਚ ਪਰ ਇਹ ਖ਼ਦਸ਼ਾ ਹਮੇਸ਼ਾ ਕਾਇਮ ਰਿਹਾ ਕਿ ਕਿਸੇ ਵੀ ਸਮੇਂ ਦੁਬਾਰਾ ਫਿਰ ਧਮਾਕਾ ਉਸ ਦਾ ਸਾਰਾ ਕਾਰੋਬਾਰ ਠੱਪ ਕਰ ਸਕਦਾ ਹੈ। ਇਸ ਦੇ ਮੱਦੇਨਜ਼ਰ ਅਲਫਰਡ ਨਾਈਟਰੋ-ਗਲਿਸਰਿਨ ਵਿਚ ਕੋਈ ਅਜਿਹਾ ਪਦਾਰਥ ਮਿਲਾਉਣਾ ਚਾਹੁੰਦਾ ਸੀ, ਜੋ ਅਕਿਰਿਆਸ਼ੀਲ ਹੋਣ ਦੇ ਨਾਲ-ਨਾਲ ਮਿਲਣਸ਼ੀਲ ਵੀ ਹੋਵੇ। ਨਾਈਟਰੋ-ਗਲਿਸਰਿਨ ਨੂੰ ਇਸ ਤਰ੍ਹਾਂ ਬਦਲ ਕੇ ਅਲਫਰਡ ਨੇ ਬਹੁਤ ਸੁਰੱਖਿਅਤ ਧਮਾਕਾਖੇਜ਼ ਤਿਆਰ ਕਰ ਲਿਆ। ਇਸ ਦਾ ਨਾਂ ਡਾਇਨਮਿਕ ਰੱਖਿਆ ਗਿਆ , ਜੋ 10 ਸਤੰਬਰ 1867 ਨੂੰ ਪੇਟੈਂਟ ਕਰਵਾਇਆ ਗਿਆ ਤੇ ਜਿਸ ਦੀ ਜਲਦੀ ਹੀ ਸੰਸਾਰ ਭਰ ਵਿਚ ਹਥਿਆਰ ਨਿਰਮਾਤਾਵਾਂ ਵੱਲੋਂ ਵਰਤੋਂ ਹੋਣ ਲੱਗੀ। ਇਸ ਦੀ ਖੋਜ ਨੇ ਭਾਰੀ ਦਿਲਚਸਪੀ ਪੈਦਾ ਕੀਤੀ। ਸਪਸ਼ਟ ਤੌਰ 'ਤੇ ਇਸ ਦੀ ਵਰਤੋਂ ਸੜਕਾਂ ਬਣਾਉਣ, ਖਾਣਾਂ ਦੀ ਖੁਦਾਈ ਤੇ ਰੇਲ ਮਾਰਗ ਵਿਛਾਉਣ ਵੇਲੇ ਹੋਣ ਲੱਗੀ।ਜਦ ਉਸ ਦੀਆਂ ਖੋਜਾਂ ਨੂੰ ਹਾਲੇ ਫ਼ਲ ਲੱਗਣ ਹੀ ਲੱਗੇ ਸਨ, ਜਿਨ੍ਹਾਂ ਨੇ ਉਸ ਨੂੰ ਆਪਣੇ ਸਮੇਂ ਦੇ ਸਭ ਤੋਂ ਅਮੀਰ ਵਿਅਕਤੀਆਂ 'ਚੋਂ ਇਕ ਬਣਾ ਦੇਣਾ ਸੀ ਤਾਂ ਫਰਾਂਸ ਵਿਚ ਨੋਬਲ ਵਿਰੋਧੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ। ਕੁਝ ਸਿਆਸਤਦਾਨਾਂ ਤੇ ਸਨਅਤਕਾਰਾਂ ਨੇ ਉਸ ਵੱਲੋਂ ਯੁੱਧ ਦੀ ਭਿਅੰਕਰਤਾ ਵਿਚ ਵਾਧਾ ਕੀਤੇ ਜਾਣ ਲਈ ਸਖ਼ਤ ਆਲੋਚਨਾ ਕੀਤੀ। ਉਹ ਭੁੱਲ ਗਏ ਕਿ ਐਲਪਸ ਪਰਬਤ ਦੇ ਹੇਠ ਬਣੀਆਂ ਸਿੰਪਲਨ ਤੇ ਸੈਨ ਗੋਟਹਾਰਡ ਸੁਰੰਗਾਂ ਜਿਨ੍ਹਾਂ 'ਚੋਂ ਇਕ ਬਾਰਾਂ ਮੀਲ ਤੇ ਦੂਜੀ ਲਗਪਗ ਦਸ ਮੀਲ ਲੰਮੀ ਸੀ, ਡਾਇਨਾਮਾਈਟ ਦੀ ਸਹਾਇਤਾ ਤੋਂ ਬਿਨਾਂ ਬਣ ਹੀ ਨਹੀਂ ਸਨ ਸਕਦੀਆਂ। ਉਨ੍ਹਾਂ ਨੇ ਇਹ ਸਭ ਕੁਝ ਨਜ਼ਰਅੰਦਾਜ਼ ਕਰਦਿਆਂ ਨੋਬਲ ਦੇ ਇਸ ਜਵਾਬ ਦਾ ਮਜ਼ਾਕ ਉਡਾਇਆ। ਫਿਰ ਸਾਲ 1891 ਦੀ ਇਕ ਸਵੇਰ ਨੂੰ ਜਦ ਅਲਫਰਡ ਨੋਬਲ ਪੈਰਿਸ ਵਿਚ ਸੀ, ਉਸ ਨੂੰ ਅਖ਼ਬਾਰਾਂ ਦੀਆਂ ਸੁਰਖ਼ੀਆਂ 'ਚ ਆਪਣੀ ਹੀ ਮੌਤ ਦੀ ਖ਼ਬਰ ਪੜ੍ਹ ਕੇ ਬਹੁਤ ਅਚੰਭਾ ਹੋਇਆ। ਜਿਸ ਗੱਲ ਨੇ ਉਸ ਨੂੰ ਸਭ ਤੋਂ ਵੱਧ ਦੁੱਖ ਪਹੁੰਚਾਇਆ, ਉਹ ਸੀ ਫਰਾਂਸ ਦੀ ਸਾਰੀ ਪ੍ਰੈੱਸ ਦੁਆਰਾ ਉਸ ਦੇ ਜੀਵਨ ਭਰ ਦੇ ਕੰਮ ਬਾਰੇ ਕੀਤੀਆਂ ਗਈਆਂ ਚੁਭਵੀਆਂ ਟਿੱਪਣੀਆਂ। ਇਕ ਅਖ਼ਬਾਰ ਨੇ ਉਸ ਨੂੰ 'ਦੁਸ਼ਟ ਪ੍ਰਤਿਭਾ ਦਾ ਮਾਲਕ' ਕਿਹਾ, ਦੂਜੇ ਨੇ ਉਸ ਨੂੰ 'ਤਬਾਹੀ ਦਾ ਸਵੈ-ਸਿੱਖਿਅਤ ਮਾਹਰ' ਗਰਦਾਨਿਆ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਮੇਜਰ ਲੀਗ ਕਬੱਡੀ ਫੈਡਰੇਸ਼ਨ ਨੂੰ ਗਾਖਲ ਭਰਾਵਾਂ ਵਲੋਂ 15 ਲੱਖ ਦੀ ਸਪਾਂਸਰਸ਼ਿਪ ਰਾਸ਼ੀ ਭੇਂਟ

## ਅਗਲੇ ਵਰ੍ਹੇ ਸੁਰਜੀਤ ਹਾਕੀ ਟੂਰਨਾਮੈਂਟ ਦਾ ਪਹਿਲਾ ਇਨਾਮ 6 ਲੱਖ ਰੁਪਏ ਦੇਵਾਂਗੇ- ਗਾਖਲ






**ਜਲੰਧਰ (ਐੱਸ.ਅਸ਼ੋਕ ਭੌਰਾ)**- ਪੰਜਾਬੀਆਂ ਦੀ ਮਾਂ ਖੇਡ ਕਬੱਡੀ 'ਤੇ ਪਿਛਲੇ ਅਰਸੇ ਦੌਰਾਨ ਕੁਝ ਉੱਠਦੀਆਂ ਨਰਾਜ਼ਗੀਆਂ, ਗਿਲੇ ਸ਼ਿਕਵੇ ਅਤੇ ਇਲਜ਼ਾਮਾਂ ਨੂੰ ਦੂਰ ਕਰਨ ਲਈ ਖਿਡਾਰੀਆਂ ਨੇ ਆਪਣੀ ਹੀ ਸੰਸਥਾ 'ਮੇਜਰ ਲੀਗ ਕਬੱਡੀ ਫੈਡਰੇਸ਼ਨ' ਦੀ ਸਥਾਪਨਾ ਕੀਤੀ। ਇਸਨੂੰ ਵਿਸ਼ਵ ਪੱਧਰ 'ਤੇ ਇਕ ਮੁਕੰਮਲ ਖੇਡ ਸੰਸਥਾ ਬਣਾਉਣ ਦਾ ਅਹਿਦ ਕੀਤਾ ਗਿਆ ਹੈ ਸੰਵਿਧਾਨ ਤੌਰ 'ਤੇ ਇਸ ਸੰਸਥਾ ਨੂੰ ਸਰਕਾਰੀ ਦੁਆਰੇ ਮਾਨਤਾ ਦੁਆ ਕੇ ਕਬੱਡੀ ਖਿਡਾਰੀਆਂ ਅਤੇ ਮਾਂ ਖੇਡ ਕਬੱਡੀ ਦੀ ਬਿਹਤਰੀ ਲਈ ਲਗਾਤਾਰ ਯਤਨ ਕੀਤੇ ਜਾਂਦੇ ਰਹਿਣਗੇ। ਜਲੰਧਰ ਦੇ ਰਮਾਡਾ ਹੋਟਲ 'ਚ ਲੰਘੇ ਐਤਵਾਰ ਨੂੰ ਹੋਈ ਕਬੱਡੀ ਖਿਡਾਰੀਆਂ ਦੀ ਇਸ ਅਹਿਮ ਇਕੱਤਰਤਾ ਵਿਚ ਇਹ ਵੀ ਐਲਾਨ ਕੀਤਾ ਗਿਆ ਕਿ ਵਿਸ਼ਵ ਭਰ ਦੀਆਂ ਕਬੱਡੀ ਫੈਡਰੇਸ਼ਨਾਂ ਦਾ ਵੀ ਪੂਰਨ ਸਹਿਯੋਗ ਲਿਆ ਜਾਵੇਗਾ।

ਅਜਿਹੇ ਯਤਨਾਂ ਨੂੰ ਸਫਲ ਬਣਾਉਣ ਲਈ ਇਸ ਸੰਸਥਾ ਦੇ ਮਾਪਦੰਡ ਕੌਮਾਂਤਰੀ ਪੱਧਰ 'ਤੇ ਤਿਆਰ ਕੀਤੇ ਗਏ ਹਨ। ਅਮਰੀਕਾ ਵਿਚ ਵਿਸ਼ਵ ਕਬੱਡੀ ਕੱਪ ਕਰਾਉਣ ਵਾਲੇ ਅਤੇ ਯੁਨਾਈਟਡ ਸਪੋਰਟਸ ਕਲੱਬ ਦੇ ਮੁੱਖ ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ ਇਸ ਅਹਿਮ ਇਕੱਤਰਤਾ ਵਿਚ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ ਅਤੇ ਉਨ੍ਹਾਂ ਜਿੱਥੇ ਇਸ ਮੇਜਰ ਲੀਗ ਕਬੱਡੀ ਫੈਡਰੇਸ਼ਨ ਨੂੰ 15 ਲੱਖ ਦੀ ਸਪਾਂਸਰਸ਼ਿਪ ਭੇਂਟ ਕੀਤੀ ਉੱਥੇ ਇਹ ਵੀ ਐਲਾਨ ਕੀਤਾ ਕਿ ਜਲਦੀ ਹੀ ਜਲੰਧਰ ਵਿਚ ਵਿਸ਼ਵ ਕਬੱਡੀ ਕੱਪ ਕਰਵਾਇਆ ਜਾਵੇਗਾ। ਉਨ੍ਹਾਂ ਇਹ ਕਿਹਾ ਕਿ ਇਹ ਫੈਡਰੇਸ਼ਨ ਖਿਡਾਰੀਆਂ ਦੀ ਆਪਣੀ ਫੈਡਰੇਸ਼ਨ ਹੈ ਤੇ ਕਬੱਡੀ 'ਚ ਤਰੁਟੀਆਂ 'ਤੇ ਕਮੀਆਂ ਕਿੱਥੇ ਹਨ ਖਿਡਾਰੀਆਂ ਚੰਗੀ ਤਰ੍ਹਾਂ ਜਾਣਗੇ ਹਨ ਇਸ ਲਈ ਕਬੱਡੀ ਦੀ ਕਮਾਂਡ ਸਹੀ ਹੱਥਾਂ ਵਿਚ ਗਈ ਹੈ ਤੇ ਜਲਦੀ ਹੀ ਇਹ ਸੰਸਥਾ ਕਬੱਡੀ 'ਤੇ ਲੱਗੇ ਸਾਰੇ ਦਾਗ ਸਾਫ ਕਰ ਦੇਵੇਗੀ। ਜ਼ਿਕਰਯੋਗ ਹੈ ਕਿ 15 ਲੱਖ ਰੁਪਏ ਦੀ ਸਪਾਂਸਰਸ਼ਿਪ ਰਾਸ਼ੀ ਵਿਚ 3 ਲੱਖ ਰੁਪਏ ਦਾ ਯੋਗਦਾਨ ਸ. ਅਮੋਲਕ ਸਿੰਘ ਗਾਖਲ ਨੇ ਨਿੱਜੀ ਮਿੱਤਰ ਤੇ ਅਮਰੀਕਾ ਤੋਂ ਉਚੇਚੇ ਤੌਰ 'ਤੇ ਪੁੱਜੇ ਹਰਜਿੰਦਰ ਸਿੰਘ ਲੱਧੜ ਨੇ ਪਾਇਆ।



ਸ. ਗਾਖਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਹ ਵੀ ਕਿਹਾ ਕਿ ਗਾਖਲ ਪਰਿਵਾਰ ਹਮੇਸ਼ਾ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਲਈ ਸੁਹਿਰਦ ਰਿਹਾ ਹੈ ਤੇ ਆਪਣੀ ਸਮਰੱਥਾ ਮੁਤਾਬਿਕ ਕਬੱਡੀ ਲਈ ਯੋਗਦਾਨ ਵੀ ਪਾਉਂਦਾ ਆ ਰਿਹਾ ਹੈ। ਅਮਰੀਕਾ 'ਚ 15 ਵਿਸ਼ਵ ਕੱਪ ਅਯੋਜਿਤ ਕਰਕੇ ਕਬੱਡੀ ਦੇ ਖੇਤਰ ਵਿਚ ਇਕ ਅਹਿਮ ਤੇ ਬਣਦਾ ਯੋਗਦਾਨ ਵੀ ਪਾਇਆ ਹੈ। ਇਸ ਮੌਕੇ 'ਤੇ ਸੰਸਥਾ ਵਲੋਂ ਰਜੀਵ ਰਤਨ ਟੋਨੀ ਨੇ ਫੈਡਰੇਸ਼ਨ ਦਾ ਉਦੇਸ਼, ਨਿਯਮ ਅਤੇ ਕਬੱਡੀ ਦੀ ਬਿਹਤਰੀ ਲਈ ਚੁੱਕੇ ਜਾਣ ਵਾਲੇ ਕਦਮਾਂ ਦਾ ਵਿਸਥਾਰ 'ਚ ਜ਼ਿਕਰ ਵੀ ਕੀਤਾ।

ਸਾਬਕਾ ਕਬੱਡੀ ਖਿਡਾਰੀ ਦੇਵੀ ਦਿਆਲ ਸ਼ਰਮਾ ਨੇ ਕਿਹਾ ਕਿ ਇਹ ਖਿਡਾਰੀਆਂ ਦੀ ਆਪਣੀ ਸੰਸਥਾ ਵਾਕਿਆ ਹੀ ਕਬੱਡੀ ਜਗਤ ਦਾ ਇਕ ਵੱਖਰਾ ਇਤਿਹਾਸ ਬਣੇਗੀ। ਕਬੱਡੀ ਖਿਡਾਰੀ ਸੁੱਖਾ ਭੰਡਾਲ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

ਇਸ ਮੌਕੇ 'ਤੇ ਮਨਜਿੰਦਰ ਸੀਚੇਵਾਲ, ਸਾਧੂ ਸਿੰਘ ਖ਼ਲੌਰ, ਵਿਪਨ ਗੁਪਤਾ, ਜਗਸੀਰ ਸ਼ੀਰਾ, ਸ਼ੀਰਾ ਪਿੱਥੋ, ਜਗਰੂਪ ਸਿੰਘ ਲਾਲੀ, ਨੱਥਾ ਸਿੰਘ ਗਾਖਲ, ਸੁੱਖ ਘੱਲ ਕਲਾਂ, ਰਾਜਾ ਢੁੱਡੀਕੇ, ਮਨਜੀਤ ਸਿੰਘ ਖਾਲਸਾ, ਇੰਦਰਪਾਲ ਸਿੰਘ ਬਾਜਵਾ, ਕਮਲਜੀਤ, ਗੁਰਪਾਲ ਸਿੰਘ, ਅਮਨ ਲੋਪੋਂ, ਕੁਲਵੰਤ ਸਿੰਘ, ਜਸਕਰਨ ਗਾਖਲ, ਗਿੰਦਰ ਖਾਨੋਵਾਲ ਵੀ ਹਾਜ਼ਰ ਸਨ।

ਇਥੇ ਬਲਟਰਨ ਪਾਰਕ (ਜਲੰਧਰ) 'ਚ ਹੀ ਹੋਏ 36ਵੇਂ ਸੁਰਜੀਤ ਹਾਕੀ ਟੂਰਨਾਮੈਂਟ 'ਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਪੰਜਾਬ ਐਂਡ ਸਿੰਧ ਬੈਂਕ ਦੀ ਟੀਮ ਨੂੰ ਪਹਿਲਾ ਸਾਢੇ 5 ਲੱਖ ਰੁਪਏ ਦਾ ਪਹਿਲਾ ਇਨਾਮ ਗਾਖਲ ਭਰਾਵਾਂ ਵਲੋਂ ਦਿੱਤਾ ਗਿਆ। ਇਸ ਟੂਰਨਾਮੈਂਟ ਵਿਚ ਵੀ ਸ. ਅਮੋਲਕ ਸਿੰਘ ਗਾਖਲ ਨਿੱਜੀ ਤੌਰ 'ਤੇ ਸ਼ਾਮਿਲ ਹੋਏ ਅਤੇ ਉਨ੍ਹਾਂ ਐਲਾਨ ਕੀਤਾ ਕਿ ਅਗਲੀ ਵਾਰ ਪਹਿਲੇ ਇਨਾਮ ਦੀ ਰਾਸ਼ੀ ਵਧਾ ਕੇ 6 ਲੱਖ ਕਰ ਦਿੱਤੀ ਗਈ ਹੈ।

ਟੂਰਨਾਮੈਂਟ ਦੌਰਾਨ ਸ. ਗਾਖਲ ਨੇ ਉਨ੍ਹਾਂ ਨੂੰ ਦਿੱਤੇ ਮਾਣ ਸਨਮਾਨ ਲਈ ਇਸ ਟੂਰਨਾਮੈਂਟ ਦੇ ਅਯੋਜਕਾਂ ਦਾ ਧੰਨਵਾਦ ਕਰਦਿਆਂ ਮੁੜ ਦੁਹਰਾਇਆ ਕਿ ਉਲੰਪਿਕ ਖੇਡਾਂ ਵਿਚ ਵਿਕਅਤੀਗਤ ਜਾਂ ਕੋਈ ਟੀਮ ਵਲੋਂ ਜੇਕਰ ਭਾਰਤ ਲਈ ਗੋਲਡ ਮੈਡਲ ਹਾਸਲ ਕੀਤਾ ਜਾਂਦਾ ਹੈ ਤਾਂ ਉਹ ਲੱਖ 11 ਰੁਪਏ ਦਾ ਸਨਮਾਨ ਗਾਖਲ ਪਰਿਵਾਰ ਵਲੋਂ ਦੇਣਗੇ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਉਲੰਪਿਕ ਵਿਚ ਭਾਰਤ ਲਈ ਗੋਡਲ ਮੈਡਲ ਜਿੱਤਣ ਵਾਲੇ ਨਿਸ਼ਾਨੇਬਾਜ ਅਭਿਨਵ ਬਿੰਦਰਾ ਨੂੰ ਵੀ ਗਾਖਲ ਪਰਿਵਾਰ ਵਲੋਂ 10 ਲੱਖ ਰੁਪਏ ਦਾ ਨਕਦ ਇਨਾਮ ਦਿੱਤਾ ਗਿਆ ਸੀ।

SKY TRANSPORT SOLUTIONS
STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

## ਸਿੱਖ ਰਹਿਤ ਮਰਿਯਾਦਾ ਅਨੁਸਾਰ ਨਿਸ਼ਾਨ ਸਾਹਿਬਾਨ ਦੇ ਪੁਸ਼ਾਕਿਆਂ ਦਾ ਰੰਗ ਬਸੰਤੀ ਜਾਂ ਸੁਰਮਈ ਵਰਤਣ ਦੀ ਅਪੀਲ

**ਅੰਮ੍ਰਿਤਸਰ–** ਪੰਜਾਬੀ ਕਾਲਮਨਵੀਸ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਇੱਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਸਿੱਖ ਰਹਿਤ ਮਰਿਯਾਦਾ ਅਨੁਸਾਰ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਣਾ ਚਾਹੀਦਾ ਹੈ, ਜਿਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਸਿੱਖ ਰਹਿਤ ਮਰਿਯਾਦਾ ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇੰਟਰਨੈਟ ’ਤੇ ਆਪਣੀ ਵੈਬਸਾਈਟ ਵਿੱਚ ਵੀ ਦਰਜ ਹੈ, ਹੋਣਾ ਚਾਹੀਦਾ ਹੈ। ਪਰ ਕੁਝ ਸਾਲਾਂ ਤੋਂ ਬਸੰਤੀ ਤੇ ਸੁਰਮਈ ਰੰਗ ਦੀ ਥਾਂ ’ਤੇ ਨਿਸ਼ਾਨ ਸਾਹਿਬ ਦੇ ਪੁਸ਼ਾਕਿਆਂ ਦਾ ਰੰਗ ਭੰਗਵਾਂ ਕੀਤਾ ਗਿਆ ਹੈ ਜੋ ਕਿ ਸਿੱਖ ਰਹਿਤ ਮਰਿਯਾਦਾ ਦੀ ਉਲੰਘਣਾ ਹੈ। ਸਿਰੋਪੇ ਵੀ ਭੰਗਵੇਂ ਦੇਣੇ ਸ਼ੁਰੂ ਕਰ ਦਿੱਤੇ ਗਏ ਹਨ। ਭੰਗਵਾਂ ਰੰਗ ਸਿੱਖ ਮੱਤ ਦੇ ਅਨੁਯਾਈਆਂ ਦਾ ਰੰਗ ਨਹੀਂ ਹੈ।

ਜਦ ਕਿ ਸਾਰੀ ਦੁਨੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਮਨਾ ਰਹੀ ਹੈ ਤਾਂ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਅਸੀਂ ਪੰਥ ਪ੍ਰਵਾਨਿਤ ਰਹਿਤ ਮਰਿਯਾਦਾ ’ਤੇ ਅਮਲ ਕਰੀਏ। ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੰਦਰ ਭੰਗਵੇਂ ਸਿਰੋਪੇ ਦੇਣੇ ਵੀ ਰਹਿਤ ਮਰਿਯਾਦਾ ਦੀ ਉਲੰਘਣਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਬਾਹਰ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਵੀ ਭੰਗਵੇਂ ਹਨ। ਇਹ ਵੀ ਬਸੰਤੀ ਚਾਹੀਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਸਬੰਧੀ ਜਿਹੜੇ ਵੀ ਧਾਰਮਿਕ, ਸਮਾਜਿਕ ਤੇ ਰਾਜਨੀਤਕ ਪ੍ਰੋਗਰਾਮ ਕੇਂਦਰ ਸਰਕਾਰ, ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸੰਸਥਾਵਾਂ ਵੱਲੋਂ ਕੀਤੇ ਜਾ ਰਹੇ ਹਨ ਉਨ੍ਹਾਂ ਵਿੱਚ ਬਸੰਤੀ ਜਾਂ ਸੁਰਮਈ ਰੰਗ ਦੇ ਸਿਰੋਪੇ ਹੋਣੇ ਚਾਹੀਦੇ ਹਨ ਤੇ ਭੰਗਵੇਂ ਰੰਗ ਵਰਤਣ ’ਤੇ ਸਿੱਖ ਰਹਿਤ ਮਰਿਯਾਦਾ ਦੀ ਉਲੰਘਣਾ ਸਮਝਿਆ ਜਾਣਾ ਚਾਹੀਦਾ ਹੈ।

## ਤੁਗਲਕਾਬਾਦ ਵਿਖੇ ਢਾਹੇ ਹੋਏ ਗੁਰੂ ਰਵਿਦਾਸ ਮੰਦਰ ਦੇ ਸਬੰਧ ਵਿਚ ਕੇਂਦਰ ਸਰਕਾਰ ਦੀ ਆਈ ਵਾਸ਼ ਪ੍ਰਸਤਾਵ ਦੀ ਨਿੰਦਾ

ਜਲੰਧਰ- ਅੰਬੇਡਕਰਾਇਟ ਲੀਗਲ ਫੋਰਮ, ਜਲੰਧਰ ਵੱਲੋਂ ਡੀ.ਸੀ. ਸਾਹਿਬ. ਜਲੰਧਰ ਨੂੰ ਇੱਕ ਮੰਗ ਪਤਰ ਦਿੱਤਾ ਗਿਆ,



ਜਿਸ ਵਿਚੱ ਓਹਨਾ ਨੇ ਕਿਹਾ ਕਿ ਪਿਛਲੇ ਦਿਨੀ ਅਗਸਤ ਮਹੀਨੇ ਵਿੱਚ ਦਿੱਲੀ ਤੁਗਲਕਾਬਾਦ ਵਿਖੇ ਢਾਹੇ ਹੋਏ ਗੁਰੂ ਰਵਿਦਾਸ ਮੰਦਰ ਨੂੰ ਦੁਬਾਰਾ ਬਨਾਓਣ ਦੇ ਸਬੰਧ ਵਿਚ ਮਿਤੀ 18.10.2019 ਨੂੰ ਕੇਦੰਰ ਸਰਕਾਰ ਨੇ ਮਾਨਯੋਗ ਸੁਪਰੀਮ ਕੋਰਟ ਵਿਚ ਪ੍ਰਸਤਾਵ ਪੇਸ਼ ਕੀਤਾ ਹੈ, ਜੋਕਿ ਪੂਰੀ ਤਰ੍ਹਾਂ ਨਾਲ ਇੱਕ ਆਈ ਵਾਸ਼ ਕਰਨ ਵਾਲਾ ਪ੍ਰਸਤਾਵ ਹੈ । ਜਿਸ ਵਿੱਚ ਅਟਾਰਨੀ ਜਨਰਲ ਸ਼੍ਰੀ ਕੇ.ਕੇ. ਵੇਨੂੰ ਗੋਪਾਲ ਨੇ ਕਿਹਾ ਕਿ ਸਰਕਾਰ ਮੰਦਰ ਦੀ ਉਸਾਰੀ ਲਈ ਸ਼ਰਧਾਲੂਆਂ ਦੀ ਕਮੇਟੀ ਨੂੰ ਉਸ ਜਗ੍ਹਾ ਦੇ 200 ਵਰਗ ਮੀਟਰ ਖੇਤਰ ਦੀ ਜਮੀਨ ਅਲਾਟ ਕਰਨ ਲਈ ਤੈਆਰ ਹੈ । ਜੋ ਕਿ ਸਾਡੇ ਸਾਰੇ ਸਮਾਜ ਨੂੰ ਮੰਜੂਰ ਨਹੀ ਹੈ । ਇਸ ਨਾਲ ਸਾਡ ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ । ਇਸ ਸਘੰਰਸ਼ ਵਿਚ ਕਈ ਬੇਗੁਨਾਹ ਦਲਿਤਾਂ ਦੇ ਖਿਲਾਫ ਦਿੱਲੀ ਵਿਖੇ ਝੂਠੇ ਪਰਚੇ ਵੀ ਦਰਜ ਹੋਏ ਹਨ ਅਤੇ ਗ੍ਰਿਫਤਾਈਆਨ ਵੀ ਹੋਈਆਂ ਹਨ । ਅਜਿਹਾ ਕਰਕੇ ਸਾਡੇ ਸਾਰੇ ਦਲਿਤ ਸਮਾਜ ਦੀਆਨ ਭਾਵਨਾਵਾਂ ਨੂੰ ਦੁਬਾਰਾ ਸੱਟ ਵੱਜੀ ਹੈ।



ਇਸ ਮੋਕੇ ਤੇ ਅੰਬੇਡਕਰਾਇਟ ਲੀਗਲ ਫੋਰਮ, ਜਲੰਧਰ ਨੇ ਡੀ.ਸੀ. ਸਾਹਿਬ. ਜਲੰਧਰ ਨੂੰ ਇੱਕ ਪੱਤਰ ਰਾਹੀ ਮੰਗ ਕੀਤੀ ਹੈ ਕਿ ਸਾਡੇ ਸਾਰੇ ਦਲਿਤ ਸਮਾਜ ਦੇ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰਖਦੇ ਹੋਏ ਰਵਿਦਾਸ ਮੰਦਰ ਨਾਲ ਸੰਬਧਿਤ ਕੁੱਲ ਜਮੀਨ ਅਲਾਟ ਕੀਤੀ ਜਾਵੇ । ਇਸ ਮੋਕੇ ਐਡਵੋਕੇਟ ਪ੍ਰਿਤ ਪਾਲ ਸਿੰਘ (ਪ੍ਰਧਾਨ), ਐਡਵੋਕੇਟ ਸੰਗੀਤਾ ਰਾਨੀ, ਐਡਵੋਕੇਟ ਰਾਜੂ ਅੰਬੇਦਕਰ (ਸਕੱਤਰ) ਐਡਵੋਕੇਟ ਸੁਦੇਸ਼ ਕੁਮਾਰੀ, ਐਡਵੋਕੇਟ ਆਰ.ਕੇ. ਮਹਿਮੀ ਐਡਵੋਕੇਟ ਹਰਪ੍ਰੀਤ ਕੋਰ, ਐਡਵੋਕੇਟ ਹਨਭਜਨ ਸਾਂਪਲਾ ਐਡਵੋਕੇਟ ਗੋਮਤੀ ਭਗਤ, ਐਡਵੋਕੇਟ ਹੁਕਮ ਚੰਦ ਐਡਵੋਕੇਟ ਪਰਵੀਨ ਕੈਠੰ, ਐਡਵੋਕੇਟ ਮੋਹਨ ਲਾਲ ਫਿਲੋਰਿਆ, ਐਡਵੋਕੇਟ ਰਜਿੰਦਰ ਆਜਾਦ, ਐਡਵੋਕੇਟ ਰਾਜ ਕੁਮਾਰ ਬੈਂਸ, ਐਡਵੋਕੇਟ ਵਿਸ਼ਾਲ ਵੱਤੈਚ, ਐਡਵੋਕੇਟ ਸਤਨਾਮ ਸੁਮਨ, ਐਡਵੋਕੇਟ ਮਨਜੀਤ ਰਾਏ, ਐਡਵੋਕੇਟ ਹਰਪ੍ਰੀਤ ਬਧੱਨ ਹਾਜਰ ਸਨ।

## ਜਲ੍ਹਿਆਂਵਾਲਾ ਬਾਗ਼ ਸ਼ਤਾਬਦੀ ਕਮੇਟੀ, ਪੰਜਾਬ ਗ਼ਦਰੀ ਬਾਬਿਆਂ ਦੇ ਮੇਲੇ ’ਚ ਜੱਥਿਆਂ ਸਮੇਤ ਪੁੱਜੇਗੀ

**ਜਲੰਧਰ–** ਜਲ੍ਹਿਆਂਵਾਲਾ ਬਾਗ਼ ਸ਼ਤਾਬਦੀ ਕਮੇਟੀ ਪੰਜਾਬ ਦੇ ਸੀਨੀਅਰ ਮੈਂਬਰ ਨੌਨਿਹਾਲ ਸਿੰਘ ਦੀ ਪ੍ਰਧਾਨਗੀ ’ਚ ਹੋਈ ਮੀ-ਟਿੰਗ ’ਚ ਲਏ ਫੈਸਲੇ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਮੇਟੀ ਦੇ ਪ੍ਰਤੀਨਿੰਧ ਬੁਲਾਰਿਆਂ ਅਮੋਲਕ ਸਿੰਘ, ਕੰਵਲਜੀਤ ਖੰਨਾ, ਝੰਡਾ ਸਿੰਘ ਜੇਠੂਕੇ ਅਤੇ ਮਨਜੀਤ ਸਿੰਘ ਧਨੇਰ ਨੇ ਦੱਸਿਆ ਕਿ ਜਲ੍ਹਿਆਂਵਾਲਾ ਬਾਗ਼ ਸਾਕਾ ਸ਼ਤਾਬਦੀ ਨੂੰ ਸਮਰਪਤ 28ਵੇਂ ਗ਼ਦਰੀ ਬਾਬਿਆਂ ਦੇ ਮੇਲੇ ’ਚ ਪਹਿਲੀ ਨਵੰਬਰ ਸਵੇਰੇ ਠੀਕ 10 ਵਜੇ ਸ਼ਤਾਬਦੀ ਕਮੇਟੀ ਦੀ ਅਗਵਾਈ ’ਚ ਪੰਜਾਬ ਭਰ ਤੋਂ ਕਾਫ਼ਲੇ ਸ਼ਿਰਕਤ ਕਰਨਗੇ।

ਕਮੇਟੀ ਦੇ ਆਗੂਆਂ ਨੇ ਦੱਸਿਆ ਕਿ 13 ਅਪ੍ਰੈਲ 2019 ਨੂੰ ਸ਼ਤਾਬਦੀ ਮੁਹਿੰਮ ਕਮੇਟੀ ਵੱਲੋਂ ਅੰਮ੍ਰਿਤਸਰ ਪੰਜ ਕਿਲੋਮੀਟਰ ਲੰਮਾ ਮਾਰਚ ਕਰਕੇ ਜਲ੍ਹਿਆਂਵਾਲਾ ਬਾਗ਼ ’ਚ ਪੁੱਜਕੇ ਜੋ ਅਹਿਦ ਲਿਆ ਗਿਆ ਸੀ ਕਿ ਕਮੇਟੀ ਬਾਗ਼ ਦੀ ਇਨਕਲਾਬੀ ਇਤਿਹਾਸਕ ਵਿਰਾਸਤ ਨੂੰ ਬੁਲੰਦ ਕਰਨ ਲਈ ਪੂਰਾ ਸਾਲ ਢੁੱਕਵੀਆਂ ਸਰਗਰਮੀਆਂ ਕਰਦੀ ਰਹੇਗੀ।

## ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਬਾਡੀ ਵੱਲੋਂ 28ਵੇਂ ਮੇਲਾ ਗ਼ਦਰੀ ਬਾਬਿਆਂ ਦੀ ਰੂਪ-ਰੇਖਾ ਨੂੰ ਅੰਤਿਮ ਛੋਹਾਂ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੀ ਸਮੁੱਚੀ ਜਨਰਲ ਬਾਡੀ ਦੀ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ’ਚ ਲਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਅੱਜ ਦੀ ਮੀਟਿੰਗ ਨੇ 31 ਅਕਤੂਬਰ ਸਵੇਰੇ 10 ਵਜੇ ਸ਼ਮ੍ਹਾਂ ਰੌਸ਼ਨ ਕਰਨ ਤੋਂ ਲੈ ਕੇ ਭਾਸ਼ਣ, ਕੁਇਜ਼, ਪੇਂਟਿੰਗ ਮੁਕਾਬਲੇ, ਕਵੀ ਦਰਬਾਰ, ਫ਼ਿਲਮ ਸ਼ੋਅ ਸਮੇਤ ਪਹਿਲੀ ਨਵੰਬਰ ਦਿਨ ਰਾਤ ਦੀਆਂ ਪੇਸ਼ਕਾਰੀਆਂ ਨੂੰ ਅੰਤਿਮ ਛੋਹ ਦਿੱਤੀ। ਅੰਤਿਮ ਛੋਹ ਅਨੁਸਾਰ ਸਵੇਰੇ 10 ਵਜੇ ਝੰਡਾ ਲਹਿਰਾਉਣ ਦੀ ਰਸਮ ਡਾ. ਪਰਮਿੰਦਰ ਕਰਨਗੇ। ਉਹਨਾਂ ਤੋਂ ਇਲਾਵਾ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਅਤੇ ਜਨਰਲ ਸਕੱਤਰ ਗੁਰਮੀਤ ਸਿੰਘ ਵੀ ਸੰਬੋਧਨ ਕਰਨਗੇ। ਉਪਰੰਤ ਝੰਡੇ ਦਾ ਗੀਤ ਹੋਵੇਗਾ। ਇਸ ਉਪਰੰਤ 'ਬਾਬਾ ਨਾਨਕ ਅਤੇ ਅੱਜ' ਵਿਸ਼ੇ ’ਤੇ ਵਿਚਾਰ-ਚਰਚਾ ਹੋਏਗੀ।

ਸ਼ਾਮ ਨੂੰ 'ਜਾਗੋ' ਉਪਰੰਤ ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ ਸੰਬੋਧਨ ਕਰਨਗੇ ਅਤੇ ਸਰਘੀ ਵੇਲੇ ਤੱਕ ਅਨੀਤਾ ਸ਼ਬਦੀਸ਼, ਕੇਵਲ ਧਾਲੀਵਾਲ, ਡਾ. ਸਾਹਿਬ ਸਿੰਘ, ਜਸਵਿੰਦਰ ਪੱਪੀ ਅਤੇ ਵਿੱਕੀ ਮਹੇਸ਼ਰੀ ਦੇ ਨਾਟਕ ਖੇਡੇ ਜਾਣਗੇ। ਇਸ ਰਾਤ ਲੋਕ ਸੰਗੀਤ ਮੰਡਲੀ ਜੀਦਾ, ਰਸੂਲਪੁਰ, ਧਰਮਿੰਦਰ ਮਸਾਣੀ, ਗੁਲਾਮ ਅਲੀ, ਗੁਰਦਿਆਲ ਨਿਰਮਾਣ ਸਮੇਤ ਸੋਲੋ ਗੀਤ ਹੋਣਗੇ। ਮੀਟਿੰਗ ਦੀ ਸ਼ੁਰੂਆਤ ਕਮੇਟੀ ਦੇ ਸਾਬਕਾ ਪ੍ਰਧਾਨ ਮਰਹੂਮ ਬਾਬਾ ਭਗਤ ਸਿੰਘ ਬਿਲਗਾ ਦੀ ਨੂੰਹ ਕ੍ਰਿਪਾਲਜੀਤ ਕੌਰ ਦੇ ਅਚਨਚੇਤ ਵਿਛੋੜੇ ’ਤੇ ਕਮੇਟੀ ਮੈਂਬਰਾਂ ਨੇ ਖੜ੍ਹੇ ਹੋ ਕੇ ਸ਼ਰਧਾਂਜਲੀ ਦਿੱਤੀ।


# ‘ਦੇਸ਼ ਦੁਆਬਾ’

## ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

www.deshdoaba.com www.ambedkartimes.com





# ਅੰਦੋਲਨਕਾਰੀ ਬੋਲੇ- ਗੁਰੂ ਰਵਿਦਾਸ ਮੰਦਰ ਦੇ ਲਈ 200 ਵਰਗਮੀਟਰ ਜ਼ਮੀਨ ਨਹੀਂ



**ਨਵੀਂ ਦਿੱਲੀ–** ਸੰਤ ਰਵਿਦਾਸ ਮੰਦਰ ਹਟਾਏ ਜਾਣ ਦੇ ਮਾਮਲੇ ਵਿਚ ਕੇਂਦਰ ਸਰਕਾਰ ਦੀ ਪੇਸ਼ਕਸ਼ ਅੰਦੋਲਨਕਾਰੀਆਂ ਨੂੰ ਮਨਜ਼ੂਰ ਨਹੀਂ ਹੈ। ਉਹਨਾਂ ਦਾ ਦੋਸ਼ ਹੈ ਕਿ ਸਰਕਾਰ ਦਾ ਇਹ ਕਦਮ ਧੋਖਾ ਹੈ। ਰਵਿਦਾਸ ਮੰਦਰ ਮਿਸ਼ਨ ਦੀ ਅਗਵਾਈ ਕਰ ਰਹੇ ਸੰਤ ਸੁਖਦੇਵ ਮਹਾਰਾਜ ਨੇ ਕਿਹਾ ਕਿ ਉਹਨਾਂ ਲੋਕਾਂ ਨੇ ਸਰਕਾਰ ਦਾ ਪ੍ਰਸਤਾਵ ਠੁਕਰਾ ਦਿੱਤਾ ਹੈ। ਰਵਿਦਾਸ ਭਾਈਚਾਰਾ ਸਰਕਾਰ ਦੀ ਇਯ ਪੇਸ਼ਕਸ਼ ਦੇ ਖਿਲਾਫ ਹੈ। ਉਹਨਾਂ ਕਿਹਾ ਕਿ ਉਹਨਾਂ ਦਾ ਸ਼ਾਂਤੀਪੂਰਨ ਅੰਦੋਲਨ ਜਾਰੀ ਰਹੇਗਾ। ਅੰਦੋਲਨ ਦੇ ਬੁਲਾਰੇ ਅਸ਼ੋਕ ਭਾਰਤੀ ਨੇ ਦੱਸਿਆ ਕਿ ਤੁਗਲਕਾਬਾਦ ਵਿਚ ਰਵਿਦਾਸ ਧਾਮ ਦੀ 12 ਵਿੱਘੇ 7 ਵਿੱਸਵੇ ਜ਼ਮੀਨ ਨੂੰ ਸਰਕਾਰ ਨੇ ਖੋਹਿਆ ਹੈ। ਉਸਦੀ ਇਵਜ਼ ਵਿਚ ਸਰਕਾਰ 200 ਵਰਗ ਮੀਟਰ ਜ਼ਮੀਨ ਦੇ ਰਹੀ ਹੈ। ਉਹ ਗੁਰੂ ਰਵਿਦਾਸ ਮੰਦਰ ਗੁਰੂ ਰਵਿਦਾਸ ਦਾ ਪੱਕਾ ਮੰਦਰ ਤੋੜ ਕੇ ਪੋਰਟਾ ਕੈਬਿਨ ਜਾਂ ਲੱਕੜੀ ਦਾ ਮੰਦਰ ਬਣਾਉਣਾ ਚਾਹੁੰਦੀ ਹੈ। ਉਹਨਾਂ ਕਿਹਾ ਕਿ ਸੁਪਰੀਮ ਕੋਰਟ ਵਿਚ ਪੇਸ਼ ਸਰਕਾਰ ਦਾ ਪ੍ਰਸਤਾਵ ਉਹਨਾਂ ਲੋਕਾਂ ਨੂੰ ਮਨਜ਼ੂਰ ਨਹੀਂ ਹੈ। ਅਸ਼ੋਕ ਭਾਰਤੀ ਨੇ ਦੱਸਿਆ ਕਿ ਸਰਕਾਰ ਨ ਆਪਣੇ ਪ੍ਰਸਤਾਵ ਵਿਚ ਇਸ ਜਗ੍ਹਾ 'ਤੇ ਕਿਸੇ ਵੀ ਕਿਸਮ ਦੇ ਪੱਕੇ ਨਿਰਮਾਣ 'ਤੇ ਪਾਬੰਦੀ ਲਗਾਉਣ ਦਾ ਪ੍ਰਸਤਾਵ ਰੱਖਿਆ ਹੈ। ਸਰਕਾਰ ਨੇ ਰਵਾਇਤੀ ਪ੍ਰਬੰਧਨ ਦੀ ਜਗ੍ਹਾ ਖੁਦ ਇਕ ਨਵੀਂ ਕਮੇਟੀ ਬਣਾਉਣ ਦਾ ਪ੍ਰਸਤਾਵ ਵੀ ਰੱਖਿਆ ਹੈ। ਇਹ ਵੀ ਸਮਾਜ ਨੂੰ ਸਵੀਕਾਰ ਨਹੀਂ ਹੈ। ਇਹ ਸੰਤ ਰਵਿਦਾਸ ਦਾ ਅਪਮਾਨ ਹੈ ਅਤੇ ਸਾਡੀ ਸ਼ਰਧਾ 'ਤੇ ਸੱਟ ਹੈ। ਦਲਿਤ ਸਮਾਜ ਇੱਕਜੁਟ ਹੋ ਕੇ ਪੂਰੀ ਤਾਕਤ ਦੇ ਨਾਲ ਇਸਦਾ ਵਿਰੋਧ ਕਰੇਗਾ।ਸਮਾਜ 21 ਅਕਤੂਬਰ ਨੂੰ ਜੰਤਰ ਮੰਤਰ ਦੇ ਇਕ ਸੰਕੇਤਕ ਧਰਨਾ ਦੇ ਚੁੱਕਾ ਹੈ।

ਕੇਂਦਰ ਸਰਕਾਰ ਦੇ ਪ੍ਰਸਤਾਵ 'ਤੇ ਸੰਤ ਕੁਲਵੰਤ ਰਾਮ ਦੇ ਵਕੀਲ ਦੇ ਵੀ ਹਸਤਾਖਰ ਹਨ। ਯਾਨਿ ਸੰਤ ਕੁਲਵੰਤ ਸਰਕਾਰ ਦੇ ਖਰੜੇ ਦੇ ਪੱਖ ਵਿਚ ਹਨ। ਇਸ ਗੱਲ ਤੇ ਵੀ ਹੰਗਾਮਾ ਹੋਇਆ ਹੈ। ਸਰਕਾਰ ਦੇ ਖਿਲਾਫ ਪਟੀਸ਼ਨ ਦਾਇਰ ਕਰਨ ਵਾਲਿਆਂ ਵਿਚ ਸੰਤ ਕੁਲਵੰਤ ਰਾਮ ਵੀ ਸ਼ਾਮਲ ਹਨ। ਸਰਕਾਰ ਦੇ ਖਿਲਾਫ ਗੁਰੂ ਰਵਿਦਾਸ ਜੈਅੰਤੀ ਸਮਾਰੋਹ ਕਮੇਟੀ ਤੋਂ ਇਲਾਵਾ ਅਸ਼ੋਕ ਤੰਵਰ ਅਤੇ ਪ੍ਰਦੀਪ ਜੈਨ ਨੇ ਵੀ ਪਟੀਸ਼ਨ ਦਿੱਤੀ ਹੈ।

# ਗੁਰੂ ਰਵਿਦਾਸ ਮੰਦਰ ਦੀ ਮੁੜ ਉਸਾਰੀ ਲਈ ਥਾਂ ਦੇਣ ਵਾਸਤੇ ਕੇਂਦਰ ਤਿਆਰ

**ਨਵੀਂ ਦਿੱਲੀ–** ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਦੱਸਿਆ ਕਿ ਉਹ ਦੱਖਣੀ ਦਿੱਲੀ ਦੇ ਗੁਰੂ ਰਵਿਦਾਸ ਮੰਦਰ ਦੀ ਮੁੜ ਉਸਾਰੀ ਲਈ ਸ਼ਰਧਾਲੂਆਂ ਦੀ ਕਮੇਟੀ ਨੂੰ 200 ਵਰਗ ਮੀਟਰ ਥਾਂ ਦੇਣ ਦੀ ਇੱਛੁਕ ਹੈ।

ਸੁਪਰੀਮ ਕੋਰਟ ਦੇ ਜਸਟਿਸ ਅਰੁਣ ਮਿਸ਼ਰਾ ਤੇ ਜਸਟਿਸ ਐਸ ਰਵਿੰਦਰ ਭੱਟ ਦੇ ਬੈਂਚ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਦੇ ਮਤੇ ਨੂੰ ਦਰਜ ਕੀਤਾ ਅਤੇ ਮੰਦਰ ਦੇ ਨਿਰਮਾਣ ਦੀ ਮੰਗ ਕਰ ਰਹੇ ਪਟੀਸ਼ਨਰਾਂ ਨੂੰ ਕਿਹਾ ਕਿ ਜੇਕਰ ਉਨ੍ਹਾਂ ਨੂੰ ਕੋਈ ਇਤਰਾਜ਼ ਹੈ ਤਾਂ ਸੋਮਵਾਰ 21 ਅਕਤੂਬਰ ਤੱਕ ਇਸ ਬਾਰੇ ਤੱਥ ਦਰਜ ਕਰਵਾਏ ਜਾਣ। ਸੁਣਵਾਈ ਦੌਰਾਨ ਵੇਣੂਗੋਪਾਲ ਨੇ ਕਿਹਾ ਕਿ ਉਨ੍ਹਾਂ ਨੇ ਸ਼ਰਧਾਲੂਆਂ ਤੇ ਸਰਕਾਰੀ ਅਧਿਕਾਰੀਆਂ ਸਮੇਤ ਸਾਰੀਆਂ ਧਿਰਾਂ ਨਾਲ ਚਰਚਾ ਕੀਤੀ ਹੈ ਅਤੇ ਸ਼ਰਧਾਲੂਆਂ ਦੀ ਆਸਥਾ ਦੇ ਮੱਦੇਨਜ਼ਰ ਕੇਂਦਰ ਸਰਕਾਰ ਜ਼ਮੀਨ ਦਾ ਉਹੀ ਟੁਕੜਾ ਦੇਣ ਲਈ ਸਹਿਮਤ ਹੋ ਗਈ ਹੈ। ਅਟਾਰਨੀ ਜਨਰਲ ਨੇ ਦਲੀਲ ਦਿੱਤੀ ਕਿ ਮੰਦਰ ਬਣਾਉਣ ਲਈ ਸ਼ਰਧਾਲੂਆਂ ਦੀ ਕਮੇਟੀ ਨੂੰ ਉਹੀ 200 ਵਰਗ ਮੀਟਰ ਥਾਂ ਸੌਂਪੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਮੰਦਰ ਢਾਹੁਣ ਖ਼ਿਲਾਫ਼ ਅਦਾਲਤ ਦੇ ਦਰ ਖੜਕਾਉਣ ਵਾਲੇ ਸੱਤ ਵਿੱਚੋਂ ਪੰਜ ਪਟੀਸ਼ਨਰਾਂ ਨੇ ਇਸ ਮਤੇ ਨਾਲ ਸਹਿਮਤੀ ਪ੍ਰਗਟਾਈ ਹੈ। ਦੱਸਣਯੋਗ ਹੈ ਕਿ 4 ਅਕਤੂਬਰ ਨੂੰ ਹੋਈ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਤੁਗ਼ਲਕਾਬਾਦ ਜੰਗਲਾਤ ਖੇਤਰ ਵਿੱਚ ਗੁਰੂ ਰਵਿਦਾਸ ਮੰਦਰ ਦੀ ਮੁੜ–ਉਸਾਰੀ ਦੀ ਆਗਿਆ ਦੇਣ ਬਾਰੇ ਪਟੀਸ਼ਨਰਾਂ ਨਾਲ ਸਬੰਧਤ ਧਿਰਾਂ ਨੂੰ ਕਿਹਾ ਸੀ ਕਿ ਉਹ ਮੰਦਰ ਲਈ ਢੁਕਵੀ ਥਾਂ ਲਈ ਸਭ ਨੂੰ ਪ੍ਰਵਾਨਿਤ ਹੱਲ ਨਾਲ ਮੁੜ ਅਦਾਲਤ ਵਿੱਚ ਆਉਣ। ਅਦਾਲਤ ਨੇ ਕਿਹਾ ਕਿ ਉਹ ਸਭਨਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੀ ਹੈ ਪਰ ਕਾਨੂੰਨ ਦੀ ਪਾਲਣਾ ਕਰਨੀ ਵੀ ਜ਼ਰੂਰੀ ਹੀ।

# ਹਰਭਜਨ ਦਾਸ ਸਾਂਪਲਾ ਪੰਜਾਬ ਬੁੱਧਿਸਟ ਸੁਸਾਇਟੀ ਪੰਜਾਬ ਦੇ 5ਵੀਂ ਵਾਰ ਪ੍ਰਧਾਨ ਚੁਣੇ



ਜਲੰਧਰ/ ਲੁਧਿਆਣਾ– ਐਡਵੋਕੇਟ ਹਰਭਜਨ ਦਾਸ ਸਾਂਪਲਾ ਨੂੰ ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਦਾ 5ਵੀਂ ਵਾਰ ਪ੍ਰਧਾਨ ਚੁਣਿਆ ਗਿਆ। ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਦੀ ਅਹੁਦੇਦਾਰਾਂ ਦੀ ਚੋਣ ਤਕ–ਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਲੁਧਿਆਣਾ ਵਿਖੇ ਮੁੱਖ ਚੋਣ ਅਫਸਰ ਸ੍ਰੀ ਧੰਨਪਤ ਰੱਤੂ, ਸਹਾਇਕ ਚੋਣ ਅਫਸਰ ਸ੍ਰੀ ਚਮਨ ਦਾਸ ਅਤੇ ਸ੍ਰੀ ਰੂਪ ਲਾਲ ਨੰਬਰਦਾਰ ਜਲੰਧਰ ਦੀ ਦੇਖ–ਰੇਖ ਵਿਚ ਕਰਵਾਈ ਗਈ, ਜਿਸ ਵਿਚ ਹੇਠ ਲਿਖੇ ਅਨੁਸਾਰ ਚੋਣ 2 ਸਾਲਾਂ ਵਾਸਤੇ ਸਰਬ ਸੰਮਤੀ ਨਾਲ ਹੋਈ।

ਪ੍ਰਧਾਨ– ਐਡਵੋਕੇਟ ਹਰਭਜਨ ਦਾਸ ਸਾਂਪਲਾ
ਉਪ ਪ੍ਰਧਾਨ– ਸ੍ਰੀ ਗੁਰਨਾਮ ਚੰਦ ਮੱਲ
ਜਨਰਲ ਸਕੱਤਰ– ਸ੍ਰੀ ਦਲਬਰ ਸਿੰਘ ਸਰੋਆ
ਸਹਾਇਕ ਸਕੱਤਰ– ਸ੍ਰੀ ਗੁਰ–ਮੀਤ ਸਿੰਘ
ਪ੍ਰੈਸ ਸਕੱਤਰ– ਸ੍ਰੀ ਰਾਮ ਦਾਸ ਗੁਰੂ ਅਤ ਕਰਨ ਸਿੰਘ
ਖਜਾਨਚੀ– ਸ੍ਰੀ ਸ਼ਾਮ ਲਾਲ ਜੱਸਲ
ਉਪ ਖਜਾਨਚੀ– ਸ੍ਰੀ ਮਨੋਜ ਕੁਮਾਰ (ਐਸ. ਡੀ. ਓ.)
ਲੇਖਾਕਾਰ– ਸ੍ਰੀ ਦੇਸ ਰਾਜ ਚੌਹਾਨ।

ਇਹਨਾਂ ਤੋਂ ਇਲਾਵਾ ਐਗਜੈਕਟਿਵ ਮੈਂਬ ਸ੍ਰੀ ਨੈਣਦੀਪ, ਸੰਜੇ ਰਾਓ, ਵਿਨੋਦ ਕੁਮਾਰ ਗੌਤਮ, ਸੁਸ਼ੀਲ ਵਿਰਦੀ, ਹਰਮੇਸ਼ ਜੱਸਲ, ਬੰਸੀ ਲਾਲ ਪ੍ਰੇਮੀ ਅਤੇ ਕੁਲਦੀਪ ਕੁਮਾਰ ਚੁਣੇ ਗਏ।

# ਅਨੁਸੂਚਿਤ ਜਾਤੀ ਦੀ ਬੱਚੀ ਨੂੰ ਮੁਰਗਾ ਬਣਾ ਕੇ ਕਿਹਾ, ਪੜ੍ਹ-ਲਿਖ ਕੇ ਕੀ ਡੀ.ਐਮ. ਬਣ ਜਾਓਗੀ

**ਨਵਾਬਗੰਜ (ਬਰੇਲੀ)–** ਪਿੰਡ ਅਭਿਆਰਾਜਪੁਰ ਦੇ ਪ੍ਰਾਇਮਰੀ ਸਕੂਲ ਵਿਚ ਇਕ ਵਿਦਿਆਰਥਣ ਨੂੰ ਅਨੁਸੂਚਿਤ ਜਾਤੀ ਦਾ ਹੋਣ ਦੇ ਕਾਰਨ ਕਲਾਸ ਤੋਂ ਬਾਹਰ ਧੁੱਪ ਵਿਚ ਬਿਠਾਉਣ ਅਤੇ ਕੁੱਟਣ ਦਾ ਮਾਮਲਾ ਸਾਹਮਣੇ ਆਇਆ ਹੈ। ਅਧਿਆਪਕ 'ਤੇ ਦੋਸ਼ ਹੈ ਕਿ ਉਸਨੇ ਬੱਚੀ ਨੂੰ ਮੁਰਗਾ ਬਣਾ ਕੇ ਤਾਅਨਾ ਦਿੱਤਾ ਕਿ ਜੇਕਰ ਪੜ੍ਹ–ਲਿਖ ਵੀ ਗਈ ਤਾਂ ਕੀ ਡੀ. ਐਮ. ਬਣ ਜਾਓਗੀ। ਅਧਿਆਪਕ ਦੇ ਖਿਲਾਫ ਨਵਾਬਗੰਜ ਥਾਣੇ ਵਿਚ ਰਿਪੋਰਟ ਕੀਤੀ ਗਈ ਹੈ। ਪੁਲਿਸ ਨੇ ਦੋਸ਼ਾਂ ਦੀ ਜਾਂਚ ਆਰੰਭ ਕਰ ਦਿੱਤੀ ਹੈ। ਉਥੇ ਹੀ ਅਧਿਆਪਕਾ ਨੇ ਦੋਸ਼ਾਂ ਤੋਂ ਸਾਫ ਇਨਕਾਰ ਕੀਤਾ ਹੈ। ਅਭਿਯਰਾਜਪੁਰ ਪਿੰਡ ਦੇ ਰਹਿਣ ਵਾਲੇ ਅਨੁਸੂਚਿਤ ਜਾਤੀ ਦੇ ਰਾਜੇਸ਼ ਪਾਲ ਮਜ਼ਦੂਰੀ ਕਰਦੇ ਹਨ। ਉਹਨਾਂ ਦੀ ਲੜਕੀ ਮੋਹਿਨੀ ਪਿੰਡ ਦੇ ਹੀ ਪ੍ਰਾਇਮਰੀ ਸਕੂਨ ਵਿਚ ਪੜ੍ਹਦੀ ਹੈ। ਰਾਜੇਸ਼ ਵੱਲੋਂ ਕੋਤਵਾਲੀ ਵਿਚ ਦਿੱਤੀ ਗਈ ਰਿਪੋਰਟ ਵਿਚ ਦੋਸ਼ ਲਗਾਇਆ ਕਿ ਸ਼ਨਿਚਰਵਾਰ ਨੂੰ ਅਧਿਆਪਕਾ ਸੰਧਿਆ ਸ਼ਰਮਾ ਜਦੋਂ ਉਸਦੀ ਕਲਾਸ ਵਚ ਪੜ੍ਹਾਉਣ ਪਹੁੰਚੀ ਤਾਂ ਮੋਹਿਨੀ ਨੂੰ ਦੂਜੇ ਬੱਚਿਆਂ ਵਿਚ ਬੈਠਿਆ ਦੇਖ ਕੇ ਭੜਕ ਗਈ। ਸੰਧਿਆ ਨੇ ਮੋਹਿਨੀ ਨੂੰ ਕਲਾਸ ਤੋਂ ਬਾਹਰ ਨਿਕਲਣ ਲਈ ਕਿਹਾ। ਮੋਹਿਨੀ ਇਸ ਤੋਂ ਬਾਅਦ ਵੀ ਕਲਾਸ ਵਿਚੋਂ ਨਾ ਨਿਕਲੀ ਤਾਂ ਉਸਨੇ ਉਸਦੇ ਵਾਲ ਪਕੜ ਕੇ ਉਸਨੂੰ ਕੁੱਟਦੇ ਹੋਏ ਧੁੱਪ ਵਿਚ ਲੈ ਗਈ ਅਤੇ ਉਥੇ ਜਬਰੀ ਮੁਰਗਾ ਬਣਾ ਦਿੱਤਾ।

# ਸੁਖਦੇਵ ਸਿੰਘ ਰਾਏਪੁਰ ਡੱਬਾ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸ਼ਰਧਾਂਜ਼ਲੀਆਂ



**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਪੰਜਾਬ ਦੀ ਕਮਿਊਨਿਸਟ ਇਨਕਲਾਬੀ ਜਮਹੂਰੀ ਲਹਿਰ ਦੇ ਜਾਣੇ–ਪਹਿਚਾਣੇ ਸਾਥੀ ਅਤੇ ਕੁਸ਼ਤੀ ਕੋਚ ਸੰਸਥਾ ਦੇ ਜ਼ਿਲ੍ਹਾ ਨਵਾਂ ਸ਼ਹਿਰ ਦੇ ਸਕੱਤਰ, ਦੇਸ਼ ਭਗਤ ਯਾਦਗਾਰ ਹਾਲ ਪਰਿਵਾਰ ਨਾਲ ਨੇੜਿਓਂ ਜੁੜੇ ਹੋਏ ਸੰਘਰਸ਼ਸ਼ੀਲ ਸਾਥੀ ਸੁਖਦੇਵ ਸਿੰਘ ਰਾਏਪੁਰ ਡੱਬਾ ਨੂੰ ਅੱਜ ਹੰਗਾਮੀ ਸ਼ੋਕ ਸਭਾ ਵਿਚ ਉਹਨਾਂ ਸਮੇਤ ਮੀਤ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ.ਪਰਮਿੰਦਰ ਸਿੰਘ, ਖਜ਼ਾਨਚੀ ਰਣਜੀਤ ਸਿੰਘ ਔਲਖ, ਸੀਨੀਅਰ ਟਰੱਸਟੀ ਨੌਨਿਹਾਲ ਸਿੰਘ ਅਤੇ ਸੁਰਿੰਦਰ ਕੁਮਾਰੀ ਕੋਛੜ ਨੇ ਸੰਗਰਾਮੀ ਸ਼ਰਧਾਂਜ਼ਲੀ ਦਿੱਤੀ।

ਉਹਨਾਂ ਕਿਹਾ ਕਿ 1968 ਦੇ ਦੌਰ ਵਿਚ ਪੰਜਵੀਂ ਜਮਾਤ ਦੇ ਵਿਦਿਆਰਥੀ ਜੀਵਨ ਤੋਂ ਜੁੜਿਆ ਸੁਖਦੇਵ ਸਾਰੀ ਉਮਰ ਮਾਰਕਸੀ ਵਿਚਾਰਧਾਰਾ, ਇਨਕਲਾਬੀ ਲਹਿਰ ਦਾ ਝੰਡਾ ਬਰਦਾਰ ਰਿਹਾ। ਗ਼ਦਰੀ ਬਾਬਿਆਂ ਦੇ 27 ਮੇਲਿਆਂ, ਲਾਇਬਰੇਰੀ ਅਤੇ ਹੋਰ ਸਰਗਰਮੀਆਂ ਨਾਲ ਜੁੜਕੇ ਰਿਹਾ।

ਕਮੇਟੀ ਦੇ ਬੁਲਾਰਿਆਂ ਅਹਿਦ ਕੀਤਾ ਕਿ ਸੁਖਦੇਵ ਦੀ ਦੇਣ ਸਦਾ ਅਰਮ ਰਹੇਗੀ। ਇਹ ਜਾਣਕਾਰੀ ਵੀ ਦਿੱਤੀ ਗਈ ਕਿ 25 ਅਕਤੂਬਰ ਦਿਨ ਸ਼ੁੱਕਰਵਾਰ ਠੀਕ 12 ਵਜੇ ਸੁਖਦੇਵ ਸਿੰਘ ਨੂੰ ਅੰਤਿਮ ਵਿਦਾਇਗੀ ਰਾਏਪੁਰ ਡੱਬਾ ਵਿਖੇ ਦਿੱਤੀ ਜਾਏਗੀ।

# 'ਬਟਨ ਕੋਈ ਦਬਾਓ ਵੋਟ ਕਮਲ ਨੂੰ ਹੀ'



**ਚੰਡੀਗੜ੍ਹ–** ਹਰਿਆਣਾ ਵਿਧਾਨ ਸਭਾ ਚੋਣਾਂ ਦੇ ਲਈ ਵੋਟਿੰਗ ਤੋਂ ਪਹਿਲਾਂ ਅਸੰਧ ਸੀਟ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਬਖਸ਼ੀਸ਼ ਸਿੰਘ ਵਿਰਕ ਦੇ ਵੀਡੀਓ 'ਤੇ ਵਿਵਾਦ ਹੋ ਗਿਆ ਹੈ। ਵਿਰਕ ਨੇ ਜਨਤਾ ਨੂੰ ਧਮਕੀ ਭਰੇ ਅੰਦਾਜ਼ ਵਿਚ ਕਿਹਾ ਹੈ ਕਿ ਤੁਸੀਂ ਕੋਈ ਵੀ ਬਟਨ ਦਬਾਓਗੇ, ਵੋਟ ਕਮਲ ਦੇ ਫੁੱਲ ਨੂੰ ਹੀ ਜਾਵੇਗੀ। ਭਾਜਪਾ ਉਮੀਦਵਾਰ ਬਖਸ਼ੀਸ਼ ਸਿੰਘ ਵਿਰਕ ਦਾ ਇਹ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਇਸ ਵੀਡੀਓ ਵਿਚ ਬਖਸ਼ੀਸ਼ ਸਿੰਘ ਨਾ ਸਿਰਫ ਵੋਟਰਾਂ ਨੂੰ ਧਮਕੀ ਭਰੇ ਅੰਦਾਜ਼ ਵਿਚ ਚਿਤਾਵਨੀ ਦੇ ਰਹੇ ਹਨ, ਬਲਕਿ ਇਹ ਵੀ ਕਹਿ ਰਹੇ ਹਨ ਕਿ ਚਾਹੇ ਕੋਈ ਵੀ ਬਟਨ ਦਬਾਅ ਲੈਣਾ, ਵੋਟ ਭਾਜਪਾ ਦੇ ਖਾਤੇ ਵਿਚ ਹੀ ਜਾਵੇਗੀ। ਇਸ ਵਾਇਰਲ ਵੀਡੀਓ ਵਿਚ ਬਖਸ਼ੀਸ਼ ਸਿੰਘ ਕਹਿ ਰਹੇ ਹਨ ਕਿ ਅੱਜ ਜੇਕਰ ਤੁਸੀਂ ਗਲਤੀ ਕੀਤੀ ਤਾਂ 5 ਸਾਲ ਭੁਗਤੋਗੇ। ਅਸੀਂ ਇਹ ਵੀ ਪਤਾ ਕਰ ਲਿਆ ਹੈ ਕਿ ਕਿਸਨੇ ਕਿੱਥੇ ਵੋਟ ਪਾਈ ਹੈ। ਜੇਕਰ ਕਹੋਗੇ ਤਾਂ ਦੱਸ ਵੀ ਦਿਆਂਗੇ। ਮੋਦੀ ਜੀ ਅਤੇ ਮਨੋਹਰ ਲਾਲ ਦੀ ਨਜ਼ਰ ਬਹੁਤ ਤੇਜ਼ ਹੈ। ਤੁਸੀਂ ਵੋਟ ਕਿਤੇ ਵੀ ਪਾਓ, ਫੁੱਲ ਨੂੰ ਹੀ ਜਾਵੇਗੀ।

# ਢਾਹੇ ਗਏ ਤੋਂ ਦੁੱਗਣਾ ਵੱਡਾ ਬਣੇਗਾ ਗੁਰੂ ਰਵਿਦਾਸ ਮੰਦਰ ਕੇਂਦਰ ਦੇ ਪ੍ਰਸਤਾਵ 'ਤੇ ਸੁਪਰੀਮ ਕੋਰਟ ਨੇ ਲਾਈ ਮੋਹਰ

ਨਵੀਂ ਦਿੱਲੀ- ਸੁਪਰੀਮ ਕੋਰਟ ਨੇ ਸੋਮਵਾਰ ਗੁਰੂ ਰਵਿਦਾਸ ਮੰਦਰ ਨੂੰ ਉਸੇ ਥਾਂ 'ਤੇ ਮੁੜ ਤੋਂ ਬਣਾਉਣ ਦੇ ਕੇਂਦਰ ਸਰਕਾਰ ਦੇ ਪ੍ਰਸਤਾਵ ਨੂੰ ਪ੍ਰਵਾਨ ਕਰ ਲਿਆ, ਜਿੱਥੇ ਉਸ ਨੂੰ ਡੇਗਿਆ ਗਿਆ ਸੀ। ਕੇਂਦਰ ਨੇ ਆਪਣੇ ਪਹਿਲਾਂ ਦੇ ਪ੍ਰਸਤਾਵ ਵਿਚ ਸੋਧ ਕਰਦੇ ਹੋਏ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਹ ਮੰਦਰ ਦੀ ਉਸਾਰੀ ਦੇ ਰਕਬੇ ਨੂੰ ਵਧਾਉਣਾ ਚਾਹੁੰਦਾ ਹੈ।

ਮੰਦਰ ਪਹਿਲਾਂ 200 ਵਰਗ ਮੀਟਰ ਦੇ ਖੇਤਰ ਵਿਚ ਸੀ, ਹੁਣ ਇਸ ਨੂੰ ਵਧਾ ਕੇ 400 ਵਰਗ ਮੀਟਰ ਕਰ ਦੇਣਾ ਚਾਹੀਦਾ ਹੈ। ਦਿੱਲੀ ਵਿਕਾਸ ਅਥਾਰਟੀ ਨੇ ਤੁਗਲਕਾਬਾਦ ਖੇਤਰ ਵਿਚ ਸਥਿਤ ਉਕਤ ਮੰਦਰ ਨੂੰ ਸੁਪਰੀਮ ਕੋਰਟ ਦੇ ਹੁਕਮਾਂ ਪਿੱਛੋਂ ਅਗਸਤ ਵਿਚ ਡੇਗ ਦਿੱਤਾ ਸੀ।

### ਉਸਾਰੀ ਲਈ 6 ਹਫਤਿਆਂ ਅੰਦਰ ਕੇਂਦਰ ਕਮੇਟੀ ਕਰੇ ਗਠਿਤ

ਸੁਪਰੀਮ ਕੋਰਟ ਨੇ ਆਪਣੇ ਹੁਕਮ ਵਿਚ ਕਿਹਾ ਹੈ ਕਿ ਮੰਦਰ ਦੀ ਉਸਾਰੀ ਲਈ 6 ਹਫਤਿਆਂ ਅੰਦਰ ਇਕ ਕਮੇਟੀ ਕੇਂਦਰ ਵੱਲੋਂ ਗਠਿਤ ਕੀਤੀ ਜਾਣੀ ਚਾਹੀਦੀ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਉਕਤ ਮੰਦਰ ਨੂੰ ਡੇਗੇ ਜਾਣ ਪਿੱਛੋਂ ਹੋਏ ਵਿਖਾਵਿਆਂ ਦੌਰਾਨ ਜੇ ਕਿਸੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤਾਂ ਉਸ ਨੂੰ ਤੁਰੰਤ ਨਿੱਜੀ ਮੁਚੱਲਕੇ 'ਤੇ ਰਿਹਾਅ ਕਰ ਦਿੱਤਾ ਜਾਵੇ। ਅਦਾਲਤ ਨੇ ਇਹ ਹੁਕਮ ਹਰਿਆਣਾ ਕਾਂਗਰਸ ਦੇ ਸਾਬਕਾ ਪ੍ਰਧਾਨ ਅਸ਼ੋਕ ਤੰਵਰ, ਸਾਬਕਾ ਮੰਤਰੀ ਪ੍ਰਦੀਪ ਜੈਨ ਅਤੇ ਹੋਰਨਾਂ ਦੀ ਪਟੀਸ਼ਨ 'ਤੇ ਦਿੱਤਾ। ਉਹਨਾਂ ਮੂਰਤੀਆਂ ਅਤੇ ਸਰੋਵਰ ਦਾ ਵੀ ਨਵੀਨੀਕਰਨ ਕੀਤੇ ਜਾਣ ਦੀ ਮੰਗ ਕੀਤੀ।

# ਜਿੱਤ ਚਾਂਦਨੀ ਚੌਂਕ ਦੀ !



ਵਾਸੀ ਜ਼ੰਨਤ ਦੇ ਹੋਏ ਲਾਚਾਰ ਏਦਾਂ
ਘਰੇ ਮਾਲਕਾਂ ਹਾਲਤ ਜਿਉਂ ਸੀਰੀਆਂ ਦੀ।
ਦਿਨ ਹਫਤੇ ਹੁਣ ਬੀਤ ਗਏ ਮਾਹ ਕਿੰਨੇ
ਲੰਮੀਂ ਦਾਸਤਾਂ ਹੋਈ ਦਿਲਗੀਰੀਆਂ ਦੀ।
ਹੁੰਦੀ ਰਤਾ ਪ੍ਰਵਾਹ ਨਾ ਹਾਕਮਾਂ ਨੂੰ
ਸਾਂਝਾਂ ਫਿਰਕਿਆਂ ਵਿਚਲੀਆਂ ਚੀਰੀਆਂ ਦੀ।
ਖੁੱਲ੍ਹੀ ਜੇਲ੍ਹ ਵਿੱਚ ਹੋਏ ਤਬਦੀਲ ਬੈਠੇ
ਸਾਰ ਲਵੇ ਨਾ ਕੋਈ ਕਸ਼ਮੀਰੀਆਂ ਦੀ ।
ਬਣਦੇ ਉਹੀ ਤਾਰੀਖ ਦੇ ਮਹਾਂ–ਨਾਇਕ
ਕਦੇ ਜਿਨ੍ਹਾਂ ਦੇ ਪੈਰਾਂ ਵਿੱਚ ਤੌਕ ਹੁੰਦਾ।
'ਔਰੰਗਜ਼ੇਬ' ਸੱਚਾਈ ਇਹ ਭੁੱਲ ਜਾਂਦੇ
ਆਖਰ ਜਿੱਤਦਾ 'ਚਾਂਦਨੀ ਚੌਕ' ਹੁੰਦਾ !

–ਤਰਲੋਚਨ ਸਿੰਘ 'ਦੁਪਾਲ ਪੁਰ'
001–408–915–1268

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com
www.ambedkartimes.com


BERKSHIRE HATHAWAY
Home Services



Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ। ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
7412 Elsie Ave., Sacramento, CA 95828

ਸੋਹੰ

# SHRI GURU RAVIDASS SABHA (CA)

**2150 Crestview Drive, Pittsburg CA 94565**
**Tel : (925) 439-2355**

**Guru- Piari Sadh Sangat Ji,**
*Devoted families are requesting entire Sangat to attend the following functions:*

**October 27, 2019**
**Sukhmani Sahib Path and Langar Sewa by Sangat *****

**October 27, 2019**
**DIWALI will be celebrated in the Gurughar.**
Sukhmani Sahib path will start at 6:00 PM. Giani Gurnam Singh and Gini Ompal Singh will also do Kirtan sewa. Guru Ka Langar will be hosted by Suman family. S. Malkit Singh and Sukhwinder Singh of Chicago Pizza will be serving pizza. Sangat is requested to come for preparations and celebrations. Please bring a candle or diya. May Waheguru fulfill everyone's wishes. HAPPY DIWALI.

**November 9, 2019**
**Sukhmani Sahib Path and Langar Sewa by Vikramvir Sharma and Jaspreet Sharma**
Sri Sukhmani Sahib Path and Langar Sewa will be hosted by Bhai Vikramvir Sharma, Jaspreet Sharma and family for Sukh Shanti of their family. May Waheguru bless Sharma family.

**November 15-16-17, 2019**
Sri Guru Nanak Dev Ji's "Parkash Utsav" will be celebrated at our Gurughar on November 17, 2019. Akhand path will start on Friday 11/15/2019, at 10:00 AM and will be concluded with Bhog ceremony on Sunday morning 11/17/2019. Path and Langar Sewa will be hosted by Bhai Varinder Kumar Sudhir and family.

**San Francisco Sadh Sangat Samagam 2019**
**November 28 to December 01, 2019**
Samagam start at 4:30 pm on November 28 (Thursday) and ends at 12:00 pm on December 01 (Sunday)

**Sangat De Sewadar**
**Jagtar Bhatia (Chairman), Shinder Paul Narabut (President)**
**Dharam Pal Chonkria (General Secretary),**
**Vinod Kumar (Treasurer)**


# TANDOOR
**Indian Restaurant**

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

**Ph. 510-885-1212, Fax. 510-885-1532**

**We are open seven days 11 AM to 10 PM**

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਟੂਰਾ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਰਖਾਏ ਗਏ

**ਪਿਟਸਬਰਗ (ਬਿਊਰੋ)-** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਹਫਤਾਵਾਰੀ ਪ੍ਰੋਗਰਾਮ ਤਹਿਤ ਇਸ ਹਫਤੇ ਐਤਵਾਰ ਨੂੰ ਸ੍ਰੀ ਭਜਨ ਰਾਮ ਟੂਰਾ ਅਤੇ ਸ੍ਰੀਮਤੀ ਗੀਤਾ ਟੂਰਾ ਵੱਲੋਂ ਆਪਣੇ ਸਪੁੱਤਰ ਸ੍ਰੀ ਕਮਲਜੀਤ ਟੂਰਾ ਅਤੇ ਨੂੰਹ ਸ੍ਰੀਮਤੀ ਦਲਜੀਤ ਟੂਰਾ ਦੇ ਨਵਜਾਤ ਬੇਟੇ ਅਭੀਨਵ ਟੂਰਾ ਦੇ ਜਨਮ ਅਤੇ ਦੂਸਰੇ ਬੇਟੇ ਅਰਨਵ ਟੂਰਾ ਦੇ ਚੌਥੇ ਜਨਮ ਦਿਨ ਦੀ ਖੁਸ਼ੀ 'ਚ ਅਤੇ ਬੇਟੀ ਅਸ਼ੰਕਾ ਟੂਰਾ ਦੇ ਆਪਣੇ ਭਰਾਵਾਂ ਦੀ ਖੁਸ਼ੀ 'ਚ ਗੁਰੂ ਘਰ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਰਖਾਏ ਗਏ ਅਤੇ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ।

ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਗੁਰਨਾਮ ਸਿੰਘ ਜੀ ਅਤੇ ਭਾਈ ਓਮਪਾਲ ਸਿੰਘ ਜੀ ਨੇ ਰਸਭਿੰਨਾ ਸ਼ਬਦ ਗਾਹਿਨ ਗਾ ਕੇ ਸੰਗਤ ਨੂੰ ਨਿਹਾਲ ਕੀਤਾ। ਇਹਨਾਂ ਤੋਂ ਇਲਾਵਾ ਬੀਬੀ ਕਮਲਜੀਤ ਕੌਰ ਅਤੇ ਬੀਬੀ ਜੀਨਾ ਭਾਟੀਆ ਨੇ ਸ਼ਬਦ ਗਾਇਨ ਕੀਤਾ। ਸਟੇਜ ਦੀ ਸੇਵਾ ਜਨਰਲ ਸਕੱਤਰ ਸ੍ਰੀ ਧਰਮਪਾਲ ਚੌਕੜੀਆ ਨੇ ਬਾਖੂਬੀ ਨਾਲ ਨਿਭਾਈ।



















# ਧੰਨ ਧੰਨ ਗੁਰੂ ਰਾਮਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਮਨਾਇਆ, ਸੁਖਮਨੀ ਸਾਹਿਬ ਦੇ ਪਾਠ ਰਖਾਏ ਗਏ







**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਧੰਨ ਧੰਨ ਗੁਰੂ ਰਾਮਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ 18, 19, 20 ਅਕਤੂਬਰ 2019 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਮਨਾਇਆ ਗਿਆ, ਜਿਸ ਵਿਚ 18 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 20 ਅਕਤੂਬਰ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਭਾਈ ਗੁਰਦਿਆਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਕ੍ਰਿਸ਼ਨ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਸ੍ਰੀ ਰਾਮ ਸੇਵਕ ਭਾਟੀਆ ਜੀ (ਹੈਡ ਕੈਸ਼ੀਅਰ ਗੁਰੂ ਘਰ), ਬੀਬੀ ਸੰਧਿਆ ਭਾਟੀਆ ਜੀ ਦੇ ਬੱਚੇ ਕਾਕਾ ਬ੍ਰਹਮ ਨੂਰ ਭਾਟੀਆ ਜੀ, ਬੇਟੀ ਅਮੋਲਪ੍ਰੀਤ ਭਾਟੀਆ ਦੇ ਜਨਮ ਦਿਨ ਵੀ ਮਨਾਏ ਗਏ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਭਾਟੀਆ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਸ ਮੌਕੇ 'ਤੇ ਸਿੱਧੂ ਪਰਿਵਾਰ ਦੇ ਮੈਂਬਰ ਬੀਬੀ ਹਰਪ੍ਰੀਤ ਕੌਰ ਦੇ ਪਰਿਵਾਰ ਦੇ ਪਹਿਲੀ ਵਾਰ ਭਾਰਤ ਤੋਂ ਅਮਰੀਕਾ ਆਉਣ ਦੀ ਖੁਸ਼ੀ ਵਿਚ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਸਟੇਜ ਸੈਕਟਰੀ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ ਗੁਰੂ ਘਰ) ਵੱਲੋਂ ਨਿਭਾਈ ਗਈ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।



ਪਿਛਲੇ ਦਿਨੀਂ ਗੁਰੂ ਘਰ ਦੀ ਪ੍ਰਬੰਘਕ ਕਮੇਟੀ ਵੱਲੋਂ ਗੁਰੂ ਘਰ ਦੇ ਅਣਥੱਕ ਸੇਵਾਦਾਰ ਸ. ਮਨਜੀਤ ਸਿੰਘ ਢਿੱਲੋਂ, ਜਿਹਨਾਂ ਨੇ ਗੁਰੂ ਘਰ ਵਿਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਮਹਾਨ ਕੀਰਤਨ ਦਰਬਾਰ ਦੀ ਸੇਵਾ ਕੀਤੀ। ਤਿੰਨਾਂ ਦੇ ਸਪੁੱਤਰ ਸ. ਅਮੋਲ ਢਿੱਲੋਂ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਪ੍ਰਬੰਧਕ ਕਮੇਟੀ ਵੱਲੋਂ ਸੇਵਕ ਪਰਿਵਾਰ ਦਾ ਧੰਨਵਾਦ ਕੀਤਾ ਗਿਆ।


***Respected Community Member***

You are cordially invited to participate as a distinguished guest to Welcome, listen and interact with the elite exponent and Ambedkarite RAJRATNA AMBEDKAR, the great grand nephew of Bharat Ratan Dr. B.R.AMBEDKAR at

**Golden Peacock Banquet,**
**24989 Santa Clara St. HAYWARD CA 94544**

**on Wednesday,**
**30th, October 2019 at 6.45pm SHARP.**

**RSVP**
**Supreme Council of Guru Ravidass Sabhas, CA (USA) 707 372 5657, 925 252 6085**
**Courtesy: Jaswinder Banga 916 796 5003**

***Read more: www.ambedkartimes.com***









Honorable
**Shri Rajratna Ambedkar Ji**
(President: Buddhist Society of India)
Messenger Of Equality
(Great Grand Nephew of
Baba Sahib Dr. B. R. Ambedkar)
**is visiting**
**Shri Guru Ravidass Temple**
**6221 16th Street**
**Rio linda, CA 95673**
**Gurughar # (916) 992-1710**

**November 1st, 2019**
**Friday 6:30 PM**

Please join the Sangat with your family and friends
For more info:
Mr. Tejpal Virk (Chairman) 916-912-5678
Mr. Raj Badhan (President) 916-601-3842
Mr. Baljit Singh (Stage Secretary) (916) 599-2451

Special Thanks to
Mr. Jaswinder Banga (916) 796-5003
**Read more: www.ambedkartimes.com**



SEMINAR
in Commemoration of 550th Birth Anniversary of
**GURU NANAK**



Nov 2nd
10:30 AM -1:30 PM

Sikh Community Center
820 Plaza Way
Yuba City, CA 95991

Topics and Speakers
Keynote Speaker



Rajratna Ambedkar
*President, Buddhist Society of India*
Messenger of Equality



**Guru Nanak & Human Rights**
Navkiran Kaur Khalra
*Human Rights Activist*



**Japji of Guru Nanak**
Rupinder Singh Brar
*Author, The Japji of Guru Nanak: A New Translation and Commentary*

For more info, please call:
Hardeep Kaur Singh 530-570-7681
Tejinderpal Singh Ghuman 530-300-6571
Jaswinder Lal Banga 916-796-5003

Sponsored by: Punjabi American Heritage Society

# ਵਾਲਮੀਕ ਸਮਾਜ ਵਲੇਹੋ ਵੱਲੋਂ ਸਤਿਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਨਾਇਆ
















(ਰਿਪੋਰਟ ਦੇਖੋ ਸਫਾ 4 'ਤੇ)













# ਵਾਲਮੀਕ ਸਮਾਜ ਵਲੇਹੋ ਵੱਲੋਂ ਸਤਿਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਨਾਇਆ


















(ਰਿਪੋਰਟ ਦੇਖੋ ਸਫਾ 4 'ਤੇ)




BUYING OR SELLING REAL ESTATE? WE CAN HELP!
Residential & Commercial
John Singh Banga
Your Honest & Experienced REALTOR
(916) 271-5404
Banga.Realtor@gmail.com
Visit My Website:
www.banga.bhhser.com
Residential Home Financing
Akash Banga
Loan Originator
(916) 705-7837
Abanga@rhloans.com
Visit My Website:
ResidentialHomeILoans.com/abanga
BERKSHIRE HATHAWAY HomeServices
REALTOR
EQUAL HOUSING OPPORTUNITY
RHL
RESIDENTIAL HOME LOANS
EQUAL HOUSING LENDER
CALBRE #01397975
NMLS #1868842
Buying or Selling any Business? Call Now 916-271-5404
ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404
AVAILABLE
Indian Restaurant
For Sale In Stockton
All Equipment & Fixtures Included
Listing Price: $149,900
AVAILABLE
2 Bedroom, 2 Bathroom
Sqft: 1280*, Lot Size: 3920*
Listing Price: $295,000
Sacramento, CA
Price Reduced
CIGARETTES XPRESS
AVAILABLE
Smoke Shop for Sale in Sacramento
Monthly Gross Sales: $50K
Listing Price: $89,000
AVAILABLE
Inside Monthly Gross Sale $180K
Gas Station, Liquor Store,
Deli, & Laundromat!
In Contra Costa County, CA
Listing Price: $1,200,000
AUTO REPAIR
AVAILABLE
Auto Repair & Lube Shop
Lot Size: 2000, Rent is ONLY
$1500/mo.
Listing Price to $139,000
Sacramento, CA
LIQUORS
CHECK CASHING
AVAILABLE
Liquor Store for Sale in Santa Clara
Monthly Gross Sale: $90K
Listing Price: $649,000 plus Inventory
AVAILABLE
3 Bedroom, 3 Bathroom
Sqft: 1567*, Lot Size: 2448*
Listing Price: $325,000
Sacramento, CA
AVAILABLE
5 Bedroom, 4 Bathroom
Sqft: 3006, Lot Size: 8276*
Listing Price: $599,000
Sacramento, CA
SUBWAY
AVAILABLE
Price Reduced
Subway
for Sale in Sacramento
Listing Price: $224,900
AVAILABLE
Indian Restaurant
for Sale in Sacramento
Listing Price: $149,000
AVAILABLE
Price Reduced
Liquor Store for Sale in Sacramento
Monthly Gross Sale: 80K
Down Payment: 350K (Seller will carry Rest)
Listing Price: $499,000 plus Inventory
AVAILABLE
Absentee Owner
Coffee Shop for Sale
Monthly Gross Sales: $25,000
Listing Price: $150,000
AVAILABLE
4 Bedroom, 3 Bathroom
Sqft: 2476*, Lot Size: 6617*
Listing Price: $549,900 Elk Grove, CA
AVAILABLE
5 Bedroom, 4 Bathroom
Sqft: 2725*, Lot Size: 5249*
Listing Price: $489,000 Elk Grove, CA
AVAILABLE
3 Bedroom, 2 Bathroom
Sqft: 1675*, Lot Size: 4792*
Listing Price: $398,000 Sacramento, CA
BERKSHIRE HATHAWAY HomeServices Elite Real Estate
BH HS
BERKSHIRE HATHAWAY
Home Services
Elite Real Estate
OFFICE: 7412 ELSIE AVE., SACRAMENTO, CA 95828

**ਗੁਰਗੱਦੀ 'ਤੇ ਵਿਸ਼ੇਸ਼**

# ਗੁਰੂ ਹਰਿਕ੍ਰਿਸ਼ਨ ਸਾਹਿਬ ਜੀ



ਰਾਹ ਦਸੇਰੇ ਗੁਰੂਆਂ ਦੇ ਆਗਮਨ ਮਨੁੱਖਤਾ ਦੀ ਭਲਾਈ ਵਾਸਤੇ ਹੋਇਆ ਕਰਦੇ ਹਨ। ਜਦ ਕਦੇ ਧਰਤੀ 'ਤੇ ਪਾਪ ਦੀ ਅਤਿ ਹੋ ਜਾਵੇ ਤਾਂ ਆਤਮ ਸ੍ਰਿਸ਼ਟੀ ਵਿਚੋਂ ਕੋਈ ਉਪਕਾਰੀ ਆਉਂਦਾ ਹੈ। ਸਿੱਖ ਗੁਰੂ ਕਾਲ ਵਿਚ ਦਸ ਗੁਰੂਆਂ ਦੀ ਇਕ ਜੋਤ ਜੋ ਦਸੀਂ ਜਾਮੀ ਨਿਰੰਤਰ ਰੱਬੀ ਸੀ। ਭਗਤੀ ਅਤੇ ਸ਼ਕਤੀ ਦੇ ਸੁਮੇਲ ਵਿਚੋਂ ਸ਼ਾਂਤ ਉਤਸ਼ਾਹ ਵਿਚ ਦੀਨ ਦਯਾ ਹਿਤ ਬੀਰ-ਰਸ ਆਇਆ ਤੇ ਚੜ੍ਹਦੀ ਕਲਾ ਦਾ ਰੰਗ ਚੜ੍ਹਿਆ। ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਨਿਰਮਲ ਪੰਥ ਦੇ ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਉਹਨਾਂ ਦੀ ਸਿਆਣਪ ਨੂੰ ਵੇਖ ਕੇ ਬਾਲ ਗੁਰੂ ਜਾਂ ਬਾਲਾ ਪ੍ਰੀਤਮ ਵੀ ਕਿਹਾ ਜਾਂਦਾ ਹੈ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਆਪ ਜੀ ਦਾ ਆਗਮਨ 8 ਸਾਵਣ ਵਦੀ ਸੰਮਤ 1713 ਭਾਵ 7 ਜੁਲਾਈ ਸੰਨ 1656 ਨੂੰ ਸ਼ੀਸ਼ ਮਹਿਲ ਕੀਰਤਪੁਰ (ਰੋਪੜ) ਵਿਖੇ ਗੁਰੂ ਹਰਿਰਾਏ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ਹੋਇਆ। ਕੱਤਕ 6 ਸੰਮਤ 1718 ਅਨੁਸਾਰ 20 ਅਕਤੂਬਰ ਸੰਨ 1661 ਨੂੰ ਗੁਰਗੱਦੀ ਨੂੰ ਪ੍ਰਾਪਤ ਹੋਏ। ਪੰਚਮ ਪਾਤਸ਼ਾਹ ਨੇ ਆਪਣੀ ਸ਼ਹਾਦਤ ਸਮੇਂ ਗੁਰੂ ਹਰਿਰਾਏ ਜੀ ਨੂੰ ਹਦਾਇਤ ਕੀਤੀ ਸੀ ਕਿ ਗੁਰਗੱਦੀ ਤੇ ਹਥਿਆਰਬੰਦ ਹੋ ਕੇ ਬੈਠਣਾ ਹੈ। ਤਦ ਗੁਰੂ ਹਰਿਰਾਏ ਸਾਹਿਬ ਜੀ ਨੇ ਕੌਮ ਨੂੰ ਬਕਾਇਦਾ ਤੌਰ ਤੇ ਜਥੇਬੰਦਕ ਹਥਿਆਰਬੰਦ ਬਣਾਇਆ। ਸੰਗਤ ਦੇ ਹੌਸਲੇ ਬੁਲੰਦ ਹੋਏ। ਮੁਗਲ ਹਕੂਮਤ ਜਿੱਥੇ ਜ਼ੁਲਮ ਨਾਲ ਜਬਰੀ ਲੋਕਾਂ ਨੂੰ ਇਸਲਾਮ ਵਿਚ ਲਿਆਉਣਾ ਚਾਹੁੰਦੀ ਸੀ, ਉਥੇ ਸਿੱਖ ਧਰਮ ਦੀ ਵਧਦੀ ਲੋਕਪ੍ਰਿਅਤਾ ਨੂੰ ਵੇਖ ਕੇ ਲੋਕ ਆਪਣੇ ਆਪ ਸਿੱਖ ਧਰਮ ਅਪਣਾਉਣ ਲੱਗੇ। ਬਾਦਸ਼ਾਹ ਔਰੰਗਜ਼ੇਬ ਨੇ ਧਰਮ ਗ੍ਰੰਥ ਦੇ ਸ਼ੰਕਿਆਂ ਦੇ ਬਹਾਨੇ ਗੁਰੂ ਹਰਿਰਾਏ ਸਾਹਿਬ ਨੂੰ ਤਲਬ ਕਰਨਾ ਚਾਹਿਆ।

ਗੁਰੂ ਹਰਿਰਾਏ ਸਾਹਿਬ ਨੇ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਏ ਜੀ ਨੂੰ ਹਦਾਇਤ ਕੀਤੀ ਕਿ ਗੁਰਮਤਿ ਵਿਚਾਰਾਂ ਕਰਦੇ ਸਮੇਂ ਆਪਣੇ ਧਾਰਮਿਕ ਨਿਸਚੈ ਤੇ ਪੂਰਾ ਉਤਰਨਾ ਹੈ। ਬਾਦਸ਼ਾਹ ਨੇ ਸਵਾਲ ਕੀਤਾ ਕਿ ਤੁਹਾਡੇ ਗ੍ਰੰਥ ਵਿਚ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ।। ਸਿੱਧੀ ਇਸਲਾਮ ਦੀ ਹਤਕ ਨਹੀਂ ਹੈ? ਬਾਬਾ ਰਾਮਰਾਇ ਜੀ ਨੇ ਬਾਦਸ਼ਾਹ ਦੀ ਖੁਸ਼ੀ ਹਾਸਲ ਕਰਨ ਲਈ ਕਹਿ ਦਿੱਤਾ ਕਿ ਉਥੇ ਮਿਟੀ ਬੇਈਮਾਨ ਕੀ ਲਫਜ਼ ਹੈ, ਬਾਣੀਕਾਰ ਵੱਲੋਂ ਗਲਤੀ ਨਾਲ ਮੁਸਲਮਾਨ ਲਿਖਿਆ ਹੈ। ਬਾਦਸ਼ਾਹ ਤਾਂ ਖੁਸ਼ ਹੋ ਗਿਆ ਪਰ ਜਦੋਂ ਗੁਰੂ ਹਰਿਰਾਏ ਜੀ ਨੂੰ ਪਤਾ ਲੱਗਾ ਕਿ ਗੁਰਬਾਣੀ ਦੀ ਤੁਕ ਬਦਲਣ ਦੀ ਅਵੱਗਿਆ ਹੋਈ ਹੈ ਤਾਂ ਉਹਨਾਂ ਨੇ ਆਪਣਾ ਦ੍ਰਿੜ੍ਹ ਇਰਾਦਾ ਬਣਾਇਆ ਕਿ ਬਾਬਾ ਰਾਮਰਾਇ ਗੁਰਗੱਦੀ ਦੇ ਲਾਇਕ ਨਹੀਂ ਹੈ।

ਇਸੇ ਦ੍ਰਿੜ੍ਹਤਾ ਦੀ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਵੀ ਕਮੀ ਨਹੀਂ ਆਈ। ਬਾਬਾ ਰਾਮਰਾਇ ਨੇ ਆਪਣਾ ਹੱਕ ਗੁਰਗੱਦੀ ਤੇ ਬਣਾਉਣ ਲਈ ਸਰਕਾਰ ਨੂੰ ਸ਼ਿਕਾਇਤ ਕਰ ਦਿੱਤੀ ਕਿ ਮੈਨੂੰ ਗੁਰਗੱਦੀ ਤੋਂ ਵਾਂਝਾ ਕੀਤਾ ਗਿਆ ਹੈ। ਬਾਦਸ਼ਾਹ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਤਲਬ ਹੋਣ ਦਾ ਸੱਦਾ ਦਿੱਤਾ ਜੋ ਗੁਰਾਂ ਨੇ ਠੁਕਰਾ ਦਿੱਤਾ। ਸਰਕਾਰੇ ਦਰਬਾਰੇ ਵਿਚੋਂ ਮਿਰਜ਼ਾ ਜੈ ਸਿੰਘ ਨੇ ਬਾਦਸ਼ਾਹ ਨਾਲ ਮਿਲਣੀ ਕਰਵਾਉਣ ਦਾ ਜ਼ਿੰਮਾ ਆਪਣੇ ਸਿਰ ਲੈ ਲਿਆ। ਦੀਵਾਨ ਪਰਸਰਾਮ ਨੇ 50 ਘੋੜ ਸਵਾਰ ਭੇਜ ਕੇ ਗੁਰਾਂ ਨੂੰ ਬੜੇ ਸਤਿਕਾਰ ਨਾਲ ਪਾਲਕੀ 'ਚ ਬਿਠਾ ਕੇ ਦਿੱਲੀ ਲਿਆਉਣ ਲਈ ਕਿਹਾ। ਗੁਰੂ ਸਾਹਿਬ ਨੇ ਦੀਵਾਨ ਨੂੰ ਕਿਹਾ ਕਿ ਉਹ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਗੇ। ਤਦ ਹੀ ਦਿੱਲੀ ਦੀਆਂ ਸੰਗਤਾਂ ਨੇ ਦਰਸ਼ਨਾਂ ਦੀ ਤਾਂਘ ਦੀ ਚਿੱਠੀ ਭੇਜੀ ਤਾਂ ਤੁਰੰਤ ਰਜ਼ਾਮੰਦ ਹੋ ਗਏ। ਕੀਰਤਪੁਰ ਤੋਂ ਦਿੱਲੀ ਆਉਂਦੇ ਸਮੇਂ ਗੁਰੂ ਸਾਹਿਬ ਪੰਜੋਖਰਾ ਜ਼ਿਲ੍ਹਾ ਅੰਬਾਲਾ ਵਿਖੇ ਰੁਕੇ। ਉਥੇ ਲਾਲਚੰਦ ਬ੍ਰਾਹਮਣ ਨੇ ਗੁਰੂ ਜੀ ਨੂੰ ਵੰਗਾਰਿਆ ਕਿ ਤੁਸੀਂ ਵੱਡੇ ਗੁਰੂ ਲਈ ਫਿਰਦੇ ਹੋ। ਕ੍ਰਿਸ਼ਨ ਨੇ ਤਾਂ ਗੀਤਾ ਉਚਾਰੀ ਸੀ, ਤੁਸੀਂ ਮੇਰੇ ਨਾਲ ਲਗਾਤਾਰ ਹੱਥ ਕਰ ਲਓ ਅਤੇ ਗੀਤਾ ਦੇ ਅਰਥ ਕਰਕੇ ਵਿਖਾਓ। ਗੁਰੂ ਜੀ ਨੇ ਪੰਡਤ ਨੂੰ ਸਮਝਾਇਆ ਕਿ ਗੁਰੂ ਦੀ ਸਮਰੱਥਾ ਅਰਥ ਕਰਨਾ ਹੀ ਨਹੀਂ ਸਗੋਂ ਮਨੁੱਖੀ ਜੀਵਨ ਨੂੰ ਸਾਵੀ ਪੱਧਰੀ ਰਾਹ ਤੇ ਤੋਰਨਾ ਹੈ ਅਗਿਆਨਤਾ ਦਾ ਨਾਸ਼ ਕਰਨਾ ਹੈ। ਸਾਡਾ ਤਾਂ ਹਰ ਸਿੱਖ ਗਿਆਨਵਾਨ ਹੈ, ਉਸਨੂੰ ਗਿਆਨ ਪ੍ਰਾਪਤ ਕਰਨ ਦੀ ਖੁੱਲ੍ਹ ਹੈ ਤਾਂ ਜੋ ਧਾਰਮਿਕ, ਰਾਜਨੀਤਿਕ, ਵਿਦਿਅਕ ਤੇ ਵਿਹਾਰਕ ਸੋਝੀ ਨਾਲ ਆਪਣਾ ਜੀਵਨ ਸੰਵਾਰ ਸਕੇ। ਤੁਸੀਂ ਕਿਸੇ ਵੀ ਸਿੱਖ ਨੂੰ ਪੁੱਛ ਲਓ, ਤੁਹਾਨੂੰ ਉੱਤਰ ਮਿਲ ਜਾਵੇਗਾ। ਪੰਡਤ ਲੰਗਰਾਂ ਵਿਚ ਜਾਣ ਦੀ ਸੇਵਾ ਕਰਕੇ ਛੱਜੂ ਨੂੰ ਸਾਦਾ ਜਿਹਾ ਸਮਝ ਕੇ ਲੈ ਆਇਆ। ਪੰਡਤ ਨੇ ਜੋ ਵੀ ਪੁੱਛਿਆ ਛੱਜੂ ਨੇ ਉਸਦਾ ਉੱਤਰ ਦਿੱਤਾ ਕਿਉਂਕਿ ਉਹ ਲੰਗਰਾਂ ਦੀ ਸੇਵਾ ਕਰਦਾ ਬਾਣੀ ਸੁਣਦਾ ਗੁਣ-ਗੁਣਾਉਂਦਾ ਰਹਿੰਦਾ ਸੀ। ਬ੍ਰਾਹਮਣ ਸ਼ਰਮਿੰਦਾ ਹੋ ਗਿਆ।

ਦਿੱਲੀ ਪਹੁੰਚ ਕੇ ਰਾਜਾ ਜੈ ਸਿੰਘ ਨੇ ਆਪਣੇ ਬੰਗਲੇ 'ਚ ਜਿੱਥੇ ਅੱਜਕਲ੍ਹ ਗੁਰਦੁਆਰਾ ਬੰਗਲਾ ਸਾਹਿਬ ਹੈ, ਠਹਿਰਾਇਆ। ਸੰਗਤਾਂ ਦਰਸ਼ਨਾਂ ਲਈ ਉਮੜ ਪਈਆਂ। ਬਾਦਸ਼ਾਹ ਔਰੰਗਜ਼ੇਬ ਨੇ ਵੀ ਦਰਸ਼ਨਾਂ ਦੀ ਇੱਛਾ ਪ੍ਰਗਟ ਕੀਤੀ। ਪਰ ਗੁਰੂ ਜੀ ਨੇ ਇਨਕਾਰ ਕੀਤਾ। ਰਾਜਾ ਜੈ ਸਿੰਘ ਦੀ ਰਾਣੀ ਨੂੰ ਤੌਖਲਾ ਹੋਇਆ ਕਿ ਇੰਨਾ ਛੋਟਾ ਬਾਲਕ ਗੁਰੂ ਕਿਵੇਂ ਹੋ ਸਕਦਾ ਹੈ। ਜੇਕਰ ਸਮਰੱਥ ਗੁਰੂ ਹੈ ਤਾਂ ਮੈਨੂੰ ਹੀ ਢੂੰਡ ਕੇ ਦੱਸ ਦੇਵੇ ਕਿ ਸਵਾਗਤ ਕਰਨ ਵਾਲਿਆਂ ਵਿਚ ਮੈਂ ਜਿੱਥੇ ਹਾਂ? ਗੁਰੂ ਪਾਤਸ਼ਾਹ ਨੇ ਸਾਰੀਆਂ ਗੋਲੀਆਂ ਸਹੇਲੀਆਂ ਦੀ ਡੀਲ-ਡੌਲ ਤੋਂ ਗੋਲੀ ਬਣੀ ਰਾਣੀ ਨੂੰ ਪਛਾਣ ਲਿਆ। ਇਹ ਭਰਮ ਦੂਰ ਕੀਤਾ ਕਿ ਗੁਰੂ ਜੋਤ ਨੂੰ ਸਰੀਰ ਪੱਖੋਂ ਨਹੀਂ ਪਰਖਿਆ ਜਾ ਸਕਦਾ।

ਉਨ੍ਹੀਂ ਦਿਨੀ ਦਿੱਲੀ 'ਚ ਭਾਰੀ ਚੇਚਕ ਫੈਲ ਗਈ। ਗੁਰਦੇਵ ਆਮ ਲੋਕਾਂ ਦੇ ਘਰ-ਘਰ ਜਾ ਕੇ ਸੇਵਾ ਕਰਨ ਲੱਗੇ ਅਤੇ ਲੋਕਾਈ ਦੇ ਭਲੇ ਲਈ ਮਾਇਆ ਵੀ ਖਰਚ ਕੀਤੀ। ਇਹ ਵੇਖ ਕੇ ਸੰਗਤਾਂ ਵੀ ਇਸ ਨੇਕ ਕੰਮ ਲਈ ਗੁਰੂ ਜੀ ਨਾਲ ਆ ਜੁੜੀਆਂ। ਇਸ ਛੂਤ ਦੀ ਬਿਮਾਰੀ ਵਿਚ ਆਪਣੀ ਬਾਲ ਉਮਰ ਦੀ ਪਰਵਾਹ ਵੀ ਨਹੀਂ ਕੀਤੀ। ਆਖਿਰ ਗੁਰੂ ਜੀ ਵੀ ਇਸ ਮਹਾਂਮਾਰੀ ਬਿਮਾਰੀ ਦਾ ਸ਼ਿਕਾਰ ਹੋ ਗਏ। ਮਾਤਾ ਜੀ ਅਤੇ ਸੰਗਤਾਂ ਵਿਚ ਘਬਰਾਹਟ ਹੋ ਗਈ। ਪਰ ਪਾਤਸ਼ਾਹ ਨੇ ਇਸਨੂੰ ਰੱਬੀ ਰਮਜ਼ ਦੱਸਿਆ ਅਤੇ ਧੀਰਜ ਵਿਚ ਰਹਿਣ ਲਈ ਕਿਹਾ। ਆਪਣਾ ਸੱਚਖੰਡ ਜਾਣ ਦਾ ਸਮਾਂ ਵੇਖ ਕੇ ਹੁਕਮ ਦਿੱਤਾ ਕਿ ਅਗਲਾ ਗੁਰੂ 'ਬਾਬਾ ਬਕਾਲਾ' ਜਿਸਦਾ ਭਾਵ ਸੀ ਕਿ ਗੁਰੂ 'ਬਾਬਾ ਬਕਾਲਾ' ਰਹਿੰਦਾ ਹੈ। ਆਪ ਜੀ 3 ਵਿਸਾਖ ਸੰਮਤ 1721 ਮੁਤਾਬਕ 30 ਮਾਰਚ 1664 ਨੂੰ ਜੋਤੀ ਜੋਤ ਸਮਾ ਗਏ। ਆਪ ਜੀ ਦਾ ਸਸਕਾਰ ਮੌਜੂਦਾ ਗੁਰਦੁਆਰਾ 'ਬਾਲਾ ਸਾਹਿਬ' ਦਿੱਲੀ ਵਿਖੇ ਹੋਇਆ। ਵਰਣਨਯੋਗ ਹੈ ਕਿ ਆਪ ਨੇ ਬਾਲ ਉਮਰੇ ਹੀ ਗੁਰਗੱਦੀ ਦੀ ਜ਼ਿੰਮੇਵਾਰੀ ਨਿਭਾਅ ਕੇ ਦਰਸਾ ਦਿੱਤਾ ਕਿ ਗੁਰੂ ਸਰੀਰ ਨਹੀਂ ਜੋਤਿ ਹੈ। ਸਪਸ਼ਟ ਕੀਤਾ ਕਿ ਸਰੀਰ ਭਾਵੇਂ ਬਿਰਧ ਹੋਵੇ ਜਾਂ ਬਾਲ ਉਮਰ ਗੁਰੂ ਜੋਤ ਨਾਲ ਉਮਰ ਦਾ ਕੋਈ ਸਬੰਧ ਨਹੀਂ। ਢਾਈ ਸਾਲ ਦੀ ਗੁਰੂਤਾ ਵਿਚ ਗੁਰਦੇਵ ਨੇ ਬੜੀ ਸਿਆਣਪ, ਦ੍ਰਿੜ੍ਹਤਾ ਅਤੇ ਨਿਰਭੈਤਾ ਨਾਲ ਜ਼ਿੰਮੇਵਾਰੀ ਨਿਭਾਈ। ਉਹਨਾਂ ਨੇ ਧਰਮ ਪ੍ਰਚਾਰ ਵੀ ਪਹਿਲਾਂ ਦੀ ਤਰ੍ਹਾਂ ਜਾਰੀ ਰੱਖਿਆ। ਉਹਨਾਂ ਦੇ ਹੋਰ ਪਰਉਪਕਾਰਾਂ ਵਿਚ ਜਦ ਭਾਈ ਕਲਿਆਣਾ ਦੀ ਧਰਮਸ਼ਾਲਾ (ਮਹੱਲਾ ਦਿਲਵਾਲੀ ਸਿੰਘ ਦਿੱਲੀ) ਵਿਖੇ ਡੇਰੇ ਲਾਏ ਤਾਂ ਉਥੇ ਲੋਕ ਗਰੀਬ ਸਨ। ਪੀਣ ਲਈ ਸਾਫ ਪਾਣੀ ਵੀ ਨਹੀਂ ਸੀ। ਲੋਕ ਬਿਮਾਰੀਆਂ ਵਿਚ ਘਿਰੇ ਹੋਏ ਸਨ। ਬੜਾ ਦੁਖੀ ਜੀਵਨ ਬਤੀਤ ਕਰ ਰਹੇ ਸਨ। ਗੁਰੂ ਦੀਆਂ ਸੰਗਤਾਂ ਨੇ ਲੰਗਰ ਲਗਾ ਦਿੱਤੇ। ਥਾਂ-ਥਾਂ ਸਾਫ ਪਾਣੀ ਦਾ ਪ੍ਰਬੰਧ ਕੀਤਾ। ਕਈ ਮੁਸਲਮਾਨ ਫਕੀਰ ਵੀ ਗੁਰੂ ਦੇ ਉਪਾਸਕ ਬਣ ਗਏ। ਗੁਰੂ ਜੀ ਸੱਚੀ-ਸੁੱਚੀ ਕਿਰਤ ਕਰਦਿਆਂ ਰੱਬ ਦੀ ਰਜ਼ਾ ਵਿਚ ਰਹਿਣ ਦਾ ਉਪਦੇਸ਼ ਦਿੰਦੇ।






# ਚੰਦ 'ਤੇ ਚੜ੍ਹਾਈ! ਭੁੱਖ ਨਾਲ ਲੜਾਈ?

**ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ ਵਿਸ਼ਵ ਫੇਰੀਆਂ ਅਤੇ ਉਹਨਾ ਵਿਸ਼ਵ ਫੇਰੀਆਂ 'ਚ ਭਾਰਤ ਨੂੰ ਵਿਸ਼ਵ ਦੀ ਵੱਡੀ ਅਤੇ ਤਰੱਕੀ ਕਰ ਰਹੀ ਆਰਥਿਕਤਾ ਵਿਖਾਉਣਾ ਆਮ ਜਿਹੀ ਗੱਲ ਹੋ ਗਈ ਹੈ। ਪਰ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਵਿਸ਼ਵ ਪ੍ਰਸਿੱਧੀ ਪ੍ਰਾਪਤ ਅਰਥ ਡਾ. ਸ਼ਾਸ਼ਤਰੀ ਮਨਮੋਹਨ ਸਿੰਘ ਨੇ ਕਿਹਾ ਕਿ ਭਾਰਤ ਦੀ ਆਰਥਿਕਤਾ ਵਿਗੜ ਰਹੀ ਹੈ ਅਤੇ ਆਉਣ ਵਾਲੇ ਸਮੇਂ 'ਚ ਭਾਰਤ ਨੂੰ ਗੰਭੀਰ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪਏਗਾ। ਸਿੱਟੇ ਵਜੋਂ ਮਹਿੰਗਾਈ ਵਧੇਗੀ ਅਤੇ ਦੇਸ਼ ਵਿੱਚ ਗਰੀਬੀ ਦਾ ਹੋਰ ਵੀ ਪਸਾਰਾ ਹੋਏਗਾ। ਇਸ ਸਾਲ ਦੇ ਨੋਬੇਲ ਇਨਾਮ ਦੇ ਜੇਤੂ ਭਾਰਤੀ ਮੂਲ ਦੇ ਅਮਰੀਕੀ ਅਰਥ ਸ਼ਾਸ਼ਤਰੀ ਅਭਿਜੀਤ ਬੈਨਰਜੀ ਨੇ ਕਿਹਾ ਹੈ ਕਿ ਭਾਰਤੀ ਅਰਥ ਵਿਵਸਥਾ ਛੇਤੀ ਪਟੜੀ ਤੇ ਆਉਂਦੀ ਦਿਖਾਈ ਨਹੀਂ ਦੇ ਰਹੀ। ਭਾਰਤੀ ਅਰਥ ਵਿਵਸਥਾ ਬੁਰੀ ਤਰ੍ਹਾਂ ਡਾਵਾਂਡੋਲ ਹੈ। ਨੇੜਲੇ ਭਵਿੱਖ ਵਿੱਚ ਇਸਦੇ ਪਟੜੀ 'ਤੇ ਆਉਣ ਦਾ ਯਕੀਨ ਨਹੀਂ ਬੱਝਦਾ? ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਦੇਸ਼ ਦੀ ਆਰਥਿਕਤਾ ਡਾਵਾਂਡੋਲ ਹੋਵੇ। ਲੋਕਾਂ ਦੇ ਬੈਂਕ ਵਿਵਸਥਾ ਦੇ ਵਿਸ਼ਵਾਸ ਨੂੰ ਖੋਰਾ ਲੱਗ ਰਿਹਾ ਹੋਵੇ।**



**ਗੁਰਮੀਤ ਪਲਾਹੀ**
**91-98158-02070**

ਗਲੋਬਲ ਹੰਗਰ ਇੰਡੈਕਸ ਵਿਚ ਕੁੱਲ 117 ਦੇਸ਼ਾਂ ਦੀ ਸੂਚੀ ਵਿੱਚ ਭਾਰਤ ਦਾ 102 ਵਾਂ ਸਥਾਨ ਹੈ। ਭਾਰਤ ਦੀ ਰੈਂਕਿੰਗ ਭੁੱਖਮਰੀ ਦੇ ਮਾਮਲੇ 'ਚ ਗੁਆਂਢੀ ਮੁਲਕਾਂ ਬੰਗਲਾ ਦੇਸ਼, ਨੇਪਾਲ ਅਤੇ ਪਾਕਿਸਤਾਨ ਤੋਂ ਵੀ ਬਦਤਰ ਹੈ। ਚੀਨ ਦਾ ਸਥਾਨ ਭੁੱਖਮਰੀ ਦੇ ਮਾਮਲੇ 'ਤੇ 25 ਵਾਂ ਅਤੇ ਪਾਕਿਸਤਾਨ ਦਾ ਸਥਾਨ 94ਵੇਂ ਨੰਬਰ 'ਤੇ ਹੈ। ਸਪਸ਼ਟ ਵਿਖਾਈ ਦੇ ਰਿਹਾ ਹੈ ਕਿ ਭਾਰਤ ਚੰਦ 'ਤੇ ਚੜ੍ਹਾਈ ਕਰਕੇ ਵਿਸ਼ਵ ਪੱਧਰ 'ਤੇ ਨਾਮਣਾ ਖੱਟਣ ਦੇ ਚੱਕਰ ਵਿੱਚ ਹੈ, ਜਦਕਿ ਭੁੱਖਮਰੀ ਨੂੰ ਕਾਬੂ ਕਰਨ 'ਚ ਨਿੱਤ ਪੱਛੜਦਾ ਜਾ ਰਿਹਾ ਹੈ। ਸਾਲ 2018 ਵਿੱਚ ਭਾਰਤ ਦਾ ਸਥਾਨ 119 ਦੇਸ਼ਾਂ ਵਿੱਚ 103ਵੇਂ ਸਥਾਨ ਤੇ ਸੀ ਜਦਕਿ 2000 ਵਿੱਚ 113 ਦੇਸ਼ਾਂ ਵਿੱਚ ਇਹ ਨੰਬਰ 83ਵੇਂ ਥਾਂ ਤੇ ਸੀ। ਗਲੋਬਲ ਹੰਗਰ ਇੰਡੈਕਸ ਕਿਸੇ ਵੀ ਦੇਸ਼ ਵਿੱਚ ਕੁਪੋਸ਼ਣ ਬੱਚਿਆਂ ਦੇ ਅਨੁਪਾਤ, ਪੰਜ ਸਾਲ ਤੋਂ ਘੱਟ ਉਮਰ ਵਾਲੇ ਬੱਚੇ, ਜਿਨ੍ਹਾਂ ਦਾ ਭਾਰ ਜਾਂ ਲੰਬਾਈ ਉਮਰ ਦੇ ਹਿਸਾਬ ਨਾਲ ਘੱਟ ਹੈ ਅਤੇ ਪੰਜ ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਵਿੱਚ ਮਰਨ ਦਰ ਦੇ ਅਧਾਰ 'ਤੇ ਤਿਆਰ ਕੀਤੀ ਜਾਂਦੀ ਹੈ। ਰਿਪੋਰਟ ਅਨੁਸਾਰ ਭਾਰਤ ਵਿੱਚ ਕੁਪੋਸ਼ਣ ਦੀ ਸਥਿਤੀ ਕਾਫੀ ਮਾੜੀ ਹੈ। ਕੀ ਭੁੱਖਮਰੀ ਦੀ ਇਹ ਸਥਿਤੀ ਆਰਥਿਕ ਮਹਾਂਸ਼ਕਤੀ ਅਤੇ ਪੰਜਾਹ ਖਰਬ ਦੀ ਅਰਥ ਵਿਵਸਥਾ ਬਨਣ ਦਾ ਦਾਅਵਾ ਕਰਨ ਵਾਲੇ ਦੇਸ਼ ਦੇ ਲਈ ਬੇਹੱਦ ਸ਼ਰਮਨਾਕ ਨਹੀਂ ਹੈ, ਜਿਥੇ 90 ਫ਼ੀਸਦੀ ਤੋਂ ਵੱਧ ਬੱਚਿਆਂ ਨੂੰ ਘੱਟ ਤੋਂ ਘੱਟ ਭੋਜਨ ਵੀ ਨਹੀਂ ਮਿਲਦਾ?

ਵਿਸ਼ਵ ਬੈਂਕ ਦੀ ਰਿਪੋਰਟ ਦੇ ਮੁਤਾਬਕ ਭਾਰਤ ਵਿੱਚ ਅੱਜ ਵੀ 22 ਫ਼ੀਸਦੀ ਲੋਕ ਗਰੀਬੀ-ਰੇਖਾ ਤੋਂ ਹੇਠਾਂ ਹਨ। ਭਾਵੇਂ ਕਿ ਸਰਕਾਰਾਂ ਇਹ ਦਾਅਵਾ ਕਰਦੀਆਂ ਹਨ ਕਿ ਦੇਸ਼ ਦੀ ਵੱਡੀ ਆਬਾਦੀ ਨੂੰ ਇੱਕ ਰੁਪਏ ਕਿਲੋ ਕਣਕ, ਚਾਵਲ, ਮੁਹੱਈਆ ਕੀਤੇ ਜਾਂਦੇ ਹਨ, ਆਯੁਸ਼ਮਾਨ ਯੋਜਨਾ ਤਹਿਤ ਉਹਨਾ ਨੂੰ 5 ਲੱਖ ਰੁਪਏ ਦਾ ਖ਼ਰਚਾ ਇਲਾਜ ਲਈ ਦਿੱਤਾ ਜਾਂਦਾ ਹੈ। ਬਜ਼ੁਰਗਾਂ, ਵਿਧਵਾ, ਆਸ਼ਰਿਤ ਬੱਚਿਆਂ ਨੂੰ ਵੀ ਪੈਨਸ਼ਨ ਦਿੱਤੀ ਜਾਂਦੀ ਹੈ। ਗਰਭਵਤੀਆਂ ਨੂੰ ਸਹੂਲਤਾਂ ਮਿਲਦੀਆਂ ਹਨ। ਸਕੂਲ ਪੜ੍ਹਦੇ ਬੱਚਿਆਂ ਨੂੰ ਇੱਕ ਡੰਗ ਭੋਜਨ ਮੁਹੱਈਆ ਕੀਤਾ ਜਾਂਦਾ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਦੇਸ਼ ਦਾ ਸਧਾਰਨ ਆਦਮੀ ਹੋਰ ਗਰੀਬ ਹੋ ਰਿਹਾ ਹੈ, ਭਾਵੇਂ ਕਿ ਕਿਹਾ ਜਾ ਰਿਹਾ ਹੈ ਕਿ ਭਾਰਤ ਸਮੇਤ ਦੁਨੀਆ ਦੇ ਹੋਰ ਦੇਸ਼ ਗਰੀਬੀ ਤੋਂ ਮੁਕਤੀ ਦੀ ਦਿਸ਼ਾ 'ਚ ਪੁਲਾਂਘਾਂ ਪੁੱਟ ਰਹੇ ਹਨ। ਸਾਲ 2015 ਦੀ ਵਿਸ਼ਵ ਬੈਂਕ ਰਿਪੋਰਟ ਇਹ ਦੱਸਦੀ ਹੈ ਕਿ ਹੁਣ ਵੀ ਦੁਨੀਆ 'ਚ 70 ਕਰੋੜ ਲੋਕ ਅਤਿ ਦੇ ਗਰੀਬ ਹਨ, ਜਿਸ ਵਿੱਚ ਵੱਡੀ ਗਿਣਤੀ ਗਰੀਬ ਲੋਕ "ਮਹਾਨ ਭਾਰਤ" ਦੀ ਧਰਤੀ ਦੇ ਵਸਨੀਕ ਹਨ, ਜਿਹੜਾ ਆਪਣੇ ਨਾਗਰਿਕਾਂ ਦੀ ਸਿੱਖਿਆ, ਸਿਹਤ, ਰੁਜ਼ਗਾਰ ਪ੍ਰਤੀ ਚਿੰਤਾ ਛੱਡਕੇ ਕਥਿਤ ਆਰਥਿਕ ਵਿਕਾਸ ਦਾ ਰਸਤਾ ਚੁਣਕੇ, ਵਿਸ਼ਵ ਵਿੱਚ ਆਪਣੀ ਧੌਂਸ ਬਨਾਉਣ ਤੁਰਿਆ ਹੋਇਆ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ ਵਿਸ਼ਵ ਫੇਰੀਆਂ ਅਤੇ ਉਹਨਾ ਵਿਸ਼ਵ ਫੇਰੀਆਂ 'ਚ ਭਾਰਤ ਨੂੰ ਵਿਸ਼ਵ ਦੀ ਵੱਡੀ ਅਤੇ ਤਰੱਕੀ ਕਰ ਰਹੀ ਆਰਥਿਕਤਾ ਵਿਖਾਉਣਾ ਆਮ ਜਿਹੀ ਗੱਲ ਹੋ ਗਈ ਹੈ। ਪਰ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਵਿਸ਼ਵ ਪ੍ਰਸਿੱਧੀ ਪ੍ਰਾਪਤ ਅਰਥ ਡਾ. ਸ਼ਾਸ਼ਤਰੀ ਮਨਮੋਹਨ ਸਿੰਘ ਨੇ ਕਿਹਾ ਕਿ ਭਾਰਤ ਦੀ ਆਰਥਿਕਤਾ ਵਿਗੜ ਰਹੀ ਹੈ ਅਤੇ ਆਉਣ ਵਾਲੇ ਸਮੇਂ 'ਚ ਭਾਰਤ ਨੂੰ ਗੰਭੀਰ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪਏਗਾ। ਸਿੱਟੇ ਵਜੋਂ ਮਹਿੰਗਾਈ ਵਧੇਗੀ ਅਤੇ ਦੇਸ਼ ਵਿੱਚ ਗਰੀਬੀ ਦਾ ਹੋਰ ਵੀ ਪਸਾਰਾ ਹੋਏਗਾ। ਇਸ ਸਾਲ ਦੇ ਨੋਬੇਲ ਇਨਾਮ ਦੇ ਜੇਤੂ ਭਾਰਤੀ ਮੂਲ ਦੇ ਅਮਰੀਕੀ ਅਰਥ ਸ਼ਾਸ਼ਤਰੀ ਅਭਿਜੀਤ ਬੈਨਰਜੀ ਨੇ ਕਿਹਾ ਹੈ ਕਿ ਭਾਰਤੀ ਅਰਥ ਵਿਵਸਥਾ ਛੇਤੀ ਪਟੜੀ ਤੇ ਆਉਂਦੀ ਦਿਖਾਈ ਨਹੀਂ ਦੇ ਰਹੀ। ਭਾਰਤੀ ਅਰਥ ਵਿਵਸਥਾ ਬੁਰੀ ਤਰ੍ਹਾਂ ਡਾਵਾਂਡੋਲ ਹੈ। ਨੇੜਲੇ ਭਵਿੱਖ ਵਿੱਚ ਇਸਦੇ ਪਟੜੀ 'ਤੇ ਆਉਣ ਦਾ ਯਕੀਨ ਨਹੀਂ ਬੱਝਦਾ? ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਦੇਸ਼ ਦੀ ਆਰਥਿਕਤਾ ਡਾਵਾਂਡੋਲ ਹੋਵੇ। ਲੋਕਾਂ ਦੇ ਬੈਂਕ ਵਿਵਸਥਾ ਦੇ ਵਿਸ਼ਵਾਸ ਨੂੰ ਖੋਰਾ ਲੱਗ ਰਿਹਾ ਹੋਵੇ। ਆਮ ਆਦਮੀ ਬੇਰੁਜ਼ਗਾਰੀ ਦੀ ਭੱਠੀ 'ਚ ਝੁਲਸ ਰਿਹਾ ਹੋਵੇ ਅਤੇ ਜਿਥੇ ਦੇਸ਼ ਵਿੱਚ ਹਰ ਵਰ੍ਹੇ ਇੱਕ ਕਰੋੜ ਲੋਕ ਬੇਰੁਜ਼ਗਾਰਾਂ ਦੀ ਕਤਾਰ ਵਿੱਚ ਲੱਗ ਰਹੇ ਹੋਣ, ਉਥੇ ਭੁੱਖਮਰੀ ਦਾ ਵਧਣਾ ਹੈਰਾਨੀਜਨਕ ਵਰਤਾਰਾ ਨਹੀਂ ਹੈ। ਦੇਸ਼ ਦੇ ਇੱਕ ਪਾਸੇ ਕਾਰਪੋਰੇਟ ਜਗਤ ਤਰੱਕੀ ਕਰ ਰਿਹਾ ਹੈ, ਵੱਡੇ-ਵੱਡੇ ਪ੍ਰਾਜੈਕਟਾਂ ਉਤੇ ਉਸਦੀ ਕਾਮਯਾਬੀ ਦੀ ਦਾਸਤਾਨ ਲਿਖੀ ਜਾ ਰਹੀ ਹੈ। ਵੱਡੇ ਧਨ ਕੁਬੇਰਾਂ ਦੇ ਬੈਂਕ ਕਰਜ਼ੇ ਮੁਆਫ਼ ਕੀਤੇ ਜਾ ਰਹੇ ਹਨ, ਪਰ ਆਮ ਆਦਮੀ ਦੇ ਜੀਵਨ-ਪੱਧਰ ਨੂੰ ਸੁਧਾਰਨ ਹਿੱਤ,ਉਸਦੀ ਨਵੀਂ ਪਨੀਰੀ ਜੋ ਕੁਪੋਸ਼ਣ ਦਾ ਸ਼ਿਕਾਰ ਹੋ ਰਹੀ ਹੈ, ਉਸ ਵਾਸਤੇ ਕੋਈ ਵਿਸ਼ੇਸ਼ ਉਦਮ ਉਪਰਾਲੇ ਨਹੀਂ ਕੀਤੇ ਜਾ ਰਹੇ।ਦੇਸ਼ ਦੀ ਅਰਥ-ਵਿਵਸਥਾ ਜੇ ਵਿਗਵਦੀ ਹੈ, ਤਾਂ ਰੁਜ਼ਗਾਰ ਖੁਸਦਾ ਹੈ। ਅਰਥ-ਵਿਵਸਥਾ ਵਿਗੜਦੀ ਹੈ ਤਾਂ ਮਹਿੰਗਾਈ ਵਧਦੀ ਹੈ। ਅਰਥ ਵਿਵਸਥਾ ਵਿਗੜਦੀ ਹੈ ਤਾਂ ਭੁੱਖਮਰੀ 'ਚ ਵਾਧਾ ਹੁੰਦਾ ਹੈ। ਅਰਥ ਵਿਵਸਥਾ ਵਿਗੜਦੀ ਹੈ ਤਾਂ ਵਿਕਾਸ ਦਰ ਘੱਟਦੀ ਹੈ। ਭੈੜੀ ਅਰਥ ਵਿਵਸਥਾ ਅਤੇ ਵਿਕਾਸ ਦਰ ਦੀ ਕਮੀ ਕਾਰਨ ਹਰ ਸੈਕਟਰ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਖੇਤੀ ਸੰਕਟ ਬਰਕਰਾਰ ਹੈ। ਆਟੋ ਮੋਬਾਇਲ ਖੇਤਰ 'ਚ ਮੰਦੀ ਨੇ ਤਾਂ ਰਿਕਾਰਡ ਤੋੜ ਦਿੱਤੇ ਹਨ। ਮੈਨੂਫੈਕਚਰਿੰਗ ਖੇਤਰ ਤਾਂ ਪਹਿਲਾ ਹੀ ਦੁਬਕਿਆ ਹੋਇਆ ਹੈ। ਕੀ ਇਹੋ ਜਿਹੇ ਹਾਲਾਤਾਂ ਵਿੱਚ ਦੇਸ਼ ਦੀ 50 ਖਰਬ ਡਾਲਰ ਅਰਥ ਵਿਵਸਥਾ ਬਨਣ ਦੀ ਕੋਈ ਉਮੀਦ ਵਿਖਾਈ ਦਿੰਦੀ ਹੈ, ਜਿਸਦਾ ਟੀਚਾ ਮੌਜੂਦਾ ਸਰਕਾਰ ਵਲੋਂ 2024 ਤੱਕ ਮਿੱਥਿਆ ਹੈ। ਜੇਕਰ ਅਰਥ ਵਿਵਸਥਾ ਦੀ ਵਿਕਾਸ ਦਰ 10 ਤੋਂ 12 ਫ਼ੀਸਦੀ ਹੋਏਗੀ ਤਾਂ ਹੀ ਇਹ ਟੀਚਾ ਪ੍ਰਾਪਤ ਹੋ ਸਕੇਗਾ। ਕੁਝ ਮਹੀਨੇ ਪਹਿਲਾਂ ਦੇਸ਼ ਦੀ ਅਰਥ ਵਿਵਸਥਾ ਦੀ ਵਿਕਾਸ ਦਰ 7.3 ਕਹੀ ਗਈ ਸੀ, ਜਦਕਿ ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈ.ਐਮ.ਐਫ਼.) ਨੇ ਦੇਸ਼ ਦੀ ਵਿਕਾਸ ਦਰ ਘਟਾਕੇ 6.1 ਫੀਸਦੀ ਮਿੱਥੀ ਹੈ।

ਗਰੀਬੀ ਉਤੇ ਵਿਸ਼ਵ ਪੱਧਰ ਉਤੇ ਵੱਡੀ ਖੋਜ਼ ਹੋਈ ਹੈ। ਅਰਥ ਸ਼ਾਸ਼ਤਰੀਆਂ ਨੇ ਗਰੀਬੀ ਦੇ ਪੈਮਾਨੇ ਨੀਅਤ ਕੀਤੇ ਹਨ ਅਤੇ ਆਪਣੇ ਵਲੋਂ ਗਰੀਬੀ ਖ਼ਤਮ ਕਰਨ ਲਈ ਸੁਝਾਅ ਵੀ ਦਿੱਤੇ ਹਨ। ਬਿਨ੍ਹਾਂ ਸ਼ੱਕ ਗਰੀਬੀ ਉਤੇ ਖੋਜ਼ ਕਰਨ ਵਾਲੇ ਲੋਕ ਆਪੂੰ ਗਰੀਬੀ ਖ਼ਤਮ ਕਰਨ ਲਈ ਕੁੱਝ ਨਹੀਂ ਕਰ ਸਕਦੇ ਪਰ ਉਹਨਾ ਵਲੋਂ ਦਿੱਤੀਆਂ ਸਲਾਹਾਂ ਅਤੇ ਗਰੀਬੀ ਖ਼ਤਮ ਕਰਨ ਦੇ ਤਰੀਕੇ ਹਾਕਮ ਧਿਰ ਨੂੰ ਮੰਨਣ ਯੋਗ ਹੋਣੇ ਚਾਹੀਦੇ ਹਨ। ਦੇਸ਼ ਭਾਰਤ ਦਾ ਨੀਤੀ ਆਯੋਗ ਅਤੇ ਪ੍ਰਧਾਨ ਮੰਤਰੀ ਹਾਊਸ ਦੇਸ਼ ਵਿੱਚ ਆਪਣੇ ਇਕਤਰਫਾ ਢੰਗ ਅਤੇ ਸੋਚ ਨਾਲ ਕੰਮ ਕਰ ਰਿਹਾ ਹੈ ਅਤੇ ਗਰੀਬੀ ਦੇ ਖ਼ਾਤਮੇ ਲਈ ਅਤੇ ਦੇਸ਼ ਦੇ ਵਿਕਾਸ ਲਈ ਨਿੱਤ ਨਵੀਆਂ ਯੋਜਨਾਵਾਂ ਉਲੀਕ ਰਿਹਾ ਹੈ, ਜੋ ਜ਼ਮੀਨੀ ਪੱਧਰ ਉਤੇ ਸਾਰਥਿਕ ਨਹੀਂ ਹੋ ਰਹੀਆਂ। ਨੀਤੀ ਆਯੋਗ ਦੇ ਲਈ ਨੋਬਲ ਪੁਰਸਕਾਰ ਵਿਜੇਤਾ ਅਭਿਜੀਤ ਬੈਨਰਜੀ ਦੇ ਸ਼ਬਦਾਂ ਨੂੰ ਸਮਝਣ ਵਾਲੀ ਗੱਲ ਹੈ ਕਿ ਗਰੀਬ ਦੇ ਗਰੀਬ ਬਣੇ ਰਹਿਣ ਦੇ ਕਾਰਨਾਂ ਵਿੱਚ ਵਖਰੇਵਾਂ ਹੈ। ਗਰੀਬ ਵਿਅਕਤੀ ਦਾ ਇੱਕ ਅਕਸ ਬਣਿਆ ਹੈ ਕਿ ਉਸਦੇ ਕੋਲ ਅਸਲ ਵਿੱਚ ਬਹੁਤ ਘੱਟ ਵਿਕਲਪ ਹਨ। ਕੁਝ ਲੋਕ ਨਿਸ਼ਚਿਤ ਰੂਪ 'ਚ ਕਠਿਨ ਮਿਹਨਤ ਕਰਦੇ ਹਨ, ਜਿੰਨੀ ਉਹ ਕਰ ਸਕਦੇ ਹਨ, ਪਰ ਉਹ ਆਪਣੀਆਂ ਬੁਨਿਆਦੀ ਲੋੜਾਂ ਨੂੰ ਪੂਰਿਆਂ ਨਹੀਂ ਕਰ ਸਕਦੇ। ਇਹੋ ਜਿਹੇ ਹਾਲਾਤ ਵਿੱਚ ਲੋਕ ਹਿਤੂ ਸਰਕਾਰਾਂ ਦਾ ਫ਼ਰਜ਼ ਹੁੰਦਾ ਹੈ ਕਿ ਉਹ ਉਹਨਾ ਲਈ ਲੋਕ-ਲੁਭਾਊ ਯੋਜਨਾਵਾਂ ਚਾਲੂ ਕਰੇ ਅਤੇ ਉਹਨਾ ਦੇ ਹਿੱਤ ਵਿੱਚ ਕੰਮ ਕਰੇ ਪਰ ਮੌਜੂਦਾ ਕੇਂਦਰ ਸਰਕਾਰ ਤਾਂ ਕਾਰਪੋਰੇਟ ਦਾ ਹੱਥ ਠੋਕਾ ਬਣਕੇ ਲੋਕਾਂ ਲਈ ਵੱਡੀਆਂ ਸਮੱਸਿਆਵਾਂ ਪੈਦਾ ਕਰ ਰਹੀ ਹੈ। ਦੇਸ਼ ਦੇ ਬੁਨਿਆਦੀ ਢਾਂਚੇ 'ਚ ਸੁਧਾਰ ਹੋਣਾ ਜ਼ਰੂਰੀ ਹੈ। ਅਵਾਜਾਈ ਦੇ ਸਾਧਨ ਚੰਗੇਰੇ ਬਨਣ ਇਹ ਵੀ ਜ਼ਰੂਰੀ ਹੈ। ਦੇਸ਼ ਦੇ ਵਿਗਿਆਨਕ ਨਵੀਆਂ ਖੋਜਾਂ ਕਰਨ ਅਤੇ ਦੁਨੀਆਂ ਨਾਲ ਹਰ ਖੇਤਰ 'ਚ ਸੰਪਰਕ ਰੱਖਿਆ ਜਾਏ, ਇਹ ਵੀ ਜ਼ਰੂਰੀ ਹੈ। ਪਰ ਸੁਰੱਖਿਆ ਦੇ ਨਾਮ ਉਤੇ ਲੋੜੋਂ ਵੱਧ ਧਨ ਖ਼ਰਚਿਆਂ ਜਾਏ ਅਤੇ ਦੇਸ਼ ਦੇ ਭਵਿੱਖ ਬੱਚਿਆਂ ਨੂੰ ਕੁਪੋਸ਼ਤ ਰੱਖਕੇ ਹੋਰ ਉਚੀ ਉਡਾਣ ਵਾਲੀਆਂ ਯੋਜਨਾਵਾਂ ਉਲੀਕੀਆਂ ਜਾਣ, ਇਹ ਦੇਸ਼ ਦੇ ਹਿਤੈਸ਼ੀ ਲੋਕ ਕਿਵੇਂ ਪ੍ਰਵਾਨ ਕਰ ਸਕਦੇ ਹਨ?

ਚੰਦਰਮਾ 'ਤੇ ਪੁੱਜਣਾ, ਖੋਜ ਕਰਨੀ, ਕਰੋੜਾਂ ਅਰਬਾਂ ਖਰਚਣੇ ਅਤੇ ਫਿਰ ਉਸਨੂੰ ਮਨੁੱਖੀ ਹਿੱਤਾਂ ਲਈ ਵਰਤਣਾ ਤਾਂ ਪ੍ਰਵਾਨ ਕਰਨ ਯੋਗ ਹੋ ਸਕਦਾ ਹੈ, ਪਰ ਦੇਸ਼ 'ਚ ਭੁੱਖਮਰੀ ਫੈਲੇ, ਬੱਚੇ ਕੁਪੋਸ਼ਿਤ ਹੋਣ, ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਕਮੀ ਰਹੇ ਇਹ ਦੇਸ਼ ਦਾ ਕੋਈ ਸੂਝਵਾਨ ਨਾਗਰਿਕ ਕਿਵੇਂ ਪ੍ਰਵਾਨ ਕਰ ਸਕਦਾ ਹੈ?



# ਦੈਵ ਮੂਰਖ ਲੋਕਾਂ ਦੀ ਕਲਪਨਾ, ਪੁਰਸ਼ਾਰਥ ਹੀ ਦੈਵ ਹੈ




**ਆਚਾਰਿਆ ਰਵਿੰਦਰ ਕੁਮਾਰ**
ਖੋਜਾਰਥੀ, ਮਹਾਰਿਸ਼ੀ ਬਾਲਮੀਕੀ ਚੇਅਰ, ਪਟਿਆਲਾ
91-98880-89404

ਇਸ ਮਾਇਆਵੀ ਸੰਸਾਰ ਵਿੱਚ ਸਾਰੇ ਦੁੱਖਾਂ ਦਾ ਨਾਸ਼ ਕਰਨ ਦੇ ਲਈ ਪੁਰਸ਼ਾਰਥ ਜਾਂ ਕਹਿ ਲਓ ਮਨੁੱਖ (ਜੀਵ) ਦੇ ਯਤਨਾਂ ਦੇ ਇਲਾਵਾ ਕੋਈ ਦੂਜਾ ਮਾਰਗ ਨਹੀਂ ਹੈ।ਸੰਸਾਰ ਰੂਪੀ ਕੋਸ ਵਿੱਚ ਕੋਈ ਅਜਿਹਾ ਕੋਈ ਰਤਨ ਨਹੀਂ ਹੈ ਜੋ ਸ਼ੁੱਧ ਪੁਰਸ਼ਾਰਥ ਨਾਲ ਕੀਤੇ ਹੋਏ ਅੱਛੇ ਕਰਮਾਂ ਦੁਆਰਾ ਪ੍ਰਾਪਤ ਨਾ ਹੋ ਸਕੇ। ਤਿੰਨਾਂ ਲੋਕਾਂ ਵਿੱਚ ਅਜਿਹਾ ਕੋਈ ਪਦਾਰਥ ਨਹੀਂ ਹੈ ਜੋ ਪੁਰਸ਼ਾਰਥ ਦੁ-ਆਰਾ ਪ੍ਰਾਪਤ ਨਾ ਕੀਤਾ ਜਾ ਸਕੇ। ਇਸ ਸੰਸਾਰ ਵਿਚ ਸਾਰਾ ਕੁੱਝ ਸਦਾ ਹੀ ਸਭ ਆਪਣੀ ਮਿਹਨਤ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ।

ਇਸ ਸੰਸਾਰ ਵਿੱਚ ਚੰਗੀ ਤਰ੍ਹਾਂ ਕੀਤੇ ਹੋਏ ਪੁਰਸ਼ਾਰਥ ਦੁਆਰਾ ਹੀ ਅਮੀਰ ਬਣਿਆਂ ਜਾ ਸਕਦਾ ਹੈ। ਜੋ ਇਸ ਪਦ ਨੂੰ ਪਾਉਣ ਦੀ ਇੱਛਾ ਕਰਦਾ ਹੈ ਅਤੇ ਉਸਨੂੰ ਪ੍ਰਾਪਤ ਕਰਨ ਦੇ ਲਈ ਹਮੇਸ਼ਾਂ ਪ੍ਰਯਤਨ ਕਰਦਾ ਹੈ, ਉਹ ਉਸ ਨੂੰ ਗ਼ਰੂਰ ਹੀ ਪ੍ਰਾਪਤ ਕਰ ਲੈਂਦਾ ਹੈ, ਜੇ ਵਿਚਕਾਰ ਵਿਚ ਹੀ ਪ੍ਰਯਤਨ ਨੂੰ ਨਾ ਛੱਡੇ। ਇੱਥੇ ਚੁੱਪਚਾਪ ਬੈਠੇ ਰਹਿਣ ਨਾਲ ਕੁੱਝ ਪ੍ਰਾਪਤ ਨਹੀਂ ਹੁੰਦਾ, ਜੋ-ਜੋ, ਜਿਵੇਂ-ਜਿਵੇਂ ਪ੍ਰਯਤਨ ਕਰਦਾ ਹੈ ਉਵੇਂ-ਉਵੇਂ ਹੀ ਫਲ ਵੀ ਪ੍ਰਾਪਤ ਕਰਦਾ ਹੈ। ਆਤਮਾ ਹੀ ਆਤਮਾ ਦੀ ਮਿੱਤਰ ਹੈ, ਆਤਮਾ ਹੀ ਆਤਮਾ ਦੀ ਦੁਸ਼ਮਣ ਹੈ। ਜੇ ਆਤਮਾ ਹੀ ਆਤਮਾ ਦੀ ਰੱਖਿਆ ਨਹੀਂ ਕਰਦੀ ਤਾਂ ਦੂਜਾ ਹੋਰ ਕੋਈ ਉਪਾਅ ਨਹੀਂ ਹੋ ਸਕਦਾ ਹੈ।

**ਪੁਰਸ਼ਾਰਥ ਦੇ ਫਲ ਦੀ ਪ੍ਰਾਪਤੀ ਦਾ ਨਾਮ ਦੈਵ**

ਭਗਵਾਨ ਬਾਲਮੀਕ ਜੀ ਅਨੁਸਾਰ ਕਿਸੇ ਵੀ ਦੌਰ









ਅਤੇ ਕਾਲ ਦੇ ਅਨੁਸਾਰ, ਕੁਝ ਦੇਰੀ ਵਿੱਚ ਜਾਂ ਛੇਤੀ ਹੀ, ਕੀਤੇ ਹੋਏ ਪੁਰਸ਼ਾਰਥ ਦੇ ਫਲ ਦੀ ਪ੍ਰਾਪਤੀ ਦਾ ਨਾਮ ਦੈਵ ਹੈ। ਪੁਰਸ਼ਾਰਥ ਦੁਆਰਾ ਕੀਤੇ ਗਏ, ਸ਼ੁਭ ਅਤੇ ਅਸ਼ੁਭ ਕਰਮ ਦੀ ਅਰਥ ਪ੍ਰਾਪਤੀ ਦਾ ਨਾਮ ਫਲਸਿੱਧੀ ਹੀ ਦੈਵ ਹੈ। ਜੋ ਆਪਣੇ ਪੁਰਸ਼ਾਰਥ ਦੁਆਰਾ ਗ਼ਰੂਰ ਹੀ ਪ੍ਰਾਪਤ ਹੋਣ ਵਾਲੀ ਵਸਤੂ ਹੈ। ਉਹ ਇਸ ਸੰਸਾਰ ਵਿੱਚ ਦੈਵ ਕਹਾਉਂਦੀ ਹੈ। ਜੋ ਕਰਮ ਦ੍ਰਿੜ੍ਹਤਾ ਨਾਲ ਅਤੇ ਛੇਤੀ ਪ੍ਰਯਤਨ ਤੋਂ ਪੂਰਵਕਾਲ ਵਿੱਚ ਕੀਤਾ ਜਾ ਚੁਕਾ ਹੈ ਉਹੀ ਇਸ ਸਮੇਂ ਦੈਵ ਨਾਮ ਨਾਲ ਪੁਕਾਰਿਆ ਜਾਂਦਾ ਹੈ। ਪਹਿਲਾ ਕੀਤਾ ਕਰਮ ਜਾਂ ਪੁਰਸ਼ਾਰਥ ਦੇ ਇਲਾਵਾ ਦੈਵ ਅਤੇ ਕੋਈ ਵਸਤੂ ਨਹੀਂ ਹੈ, ਪੂਰਵਕ੍ਰਿਤ ਪੁਰਸ਼ਾਰਥ ਦਾ ਹੀ ਨਾਮ ਦੈਵ ਹੈ। ਜਿਵੇਂ- ਜਿਵੇਂ ਕੋਈ ਪ੍ਰਯਤਨ ਕੀਤਾ ਜਾਂਦਾ ਹੈ। ਵੈਸੇ-ਵੈਸੇ ਹੀ ਉਹ ਫਲ ਦਿੰਦਾ ਹੈ। ਇਸ ਲਈ ਪੁਰਸ਼ਾਰਥ ਹੀ ਸੱਤ ਹੈ, ਉਸੀ ਨੂੰ ਦੈਵ ਕਿਹਾ ਜਾਂਦਾ ਹੈ।

**ਪਰਾਧੀਨਤਾ ਦੀ ਨਿੰਦਾ**

ਭਗਵਾਨ ਬਾਲਮੀਕ ਜੀ ਅਨੁਸਾਰ ਜੋ ਮਨੁੱਖ ਇਹ ਸਮਝਦਾ ਹੈ ਕਿ ਉਹ ਈਸ਼ਵਰ ਦਾ ਭੇਜਿਆ ਹੋਇਆ ਹੀ ਸਵਰਗ ਜਾਂ ਨਰਕ ਵਿੱਚ ਜਾਂਦਾ ਹੈ ਉਹ ਸਦਾ ਹੀ ਪਰਾਧੀਨ (ਅਧੀਨ) ਰਹਿੰਦਾ ਹੈ, ਅਜਿਹਾ ਮਨੁੱਖ ਪਸ਼ੂ ਹੈ ਇਸ ਵਿੱਚ ਕੋਈ ਸੰਦੇਹ ਹੀ ਨਹੀਂ ਹੈ। ਜੋ ਇਹ ਸਮਝ ਕੇ ਕਿ ਉਸਨੂੰ ਕੋਈ ਦੂਜਾ ਹੀ ਪ੍ਰੇਰਿਤ ਕਰਦਾ ਹੈ ਦ੍ਰਿਸ਼ਟ (ਪ੍ਰਯਤਨ) ਨੂੰ ਛੱਡ ਬੈਠਦਾ ਹੈ ਉਹ ਅਧਮ ਮਨੁੱਖ ਦੂਰ ਤੋਂ ਹੀ ਤਿਆਗ ਦੇਣ ਯੋਗ ਹੈ। ਜੋ ਉਦਯੋਗ ਨੂੰ ਛੱਡ ਕੇ ਭਾਗ (ਤਕਦੀਰ) ਦੇ ਉਪਰ ਭਰੋਸਾ ਕਰਦੇ ਹਨ ਉਹ ਆਪਣੇ ਹੀ ਦੁਸ਼ਮਣ ਹਨ, ਅਤੇ ਧਰਮ, ਅਰਥ ਅਤੇ ਕਾਮ ਸਾਰਿਆਂ ਨੂੰ ਨਸ਼ਟ ਕਰ ਦਿੰਦੇ ਹਨ। ਜੋ ਕੁਬੁੱਧੀ ਲੋਕ ਇਹ ਸਮਝਦੇ ਹਨ ਕਿ ਸਾਰਾ ਕੁੱਝ ਕਿਸਮਤ ਦੇ ਅਧੀਨ ਹੈ, ਉਹ ਨਾਸ਼ ਨੂੰ ਪ੍ਰਾਪਤ ਹੁੰਦੇ ਹਨ। ਇਹ ਗੱਲ ਪ੍ਰਤੱਖ ਦੇਖਣ ਵਿੱਚ, ਅਨੁਭਵ ਵਿੱਚ ਅਤੇ ਸੁਣਨ ਵਿੱਚ ਆਉਂਦੀ ਹੈ। ਜੋ ਲੋਕ ਸੂਰਵੀਰ ਹਨ, ਅਮੀਰ ਹਨ, ਉਨਤੀ ਕਰਨ ਵਾਲੇ ਹਨ, ਗਿਆਨੀ ਹਨ, ਦੱਸੋ ਉਨ੍ਹਾਂ ਵਿੱਚੋਂ ਕਿਹੜਾ ਇਸ ਸੰਸਾਰ ਵਿੱਚ ਕਿਸਮਤ ਦੀ ਉਡੀਕ ਕਰਦਾ ਹੈ।

**ਦੈਵ ਜਾਂ ਕਿਸਮਤ ਕੋਈ ਵਸਤੂ ਨਹੀਂ ਹੈ**

ਭਗਵਾਨ ਬਾਲਮੀਕ ਜੀ ਅਨੁਸਾਰ ਦੈਵ ਜਾਂ ਕਿਸਮਤ ਕੁੱਝ ਨਹੀਂ ਹੈ। ਦੈਵ ਹੈ ਹੀ ਨਹੀਂ। ਦੈਵ ਸਦਾ ਹੀ ਅਸਤ ਹੈ। ਦੈਵ ਕਦੇ ਕੁੱਝ ਨਹੀਂ ਕਰਦਾ, ਇਹ ਕੇਵਲ ਕਲਪਨਾ ਮਾਤਰ ਹੈ ਕਿ ਦੈਵ ਕੁੱਝ ਕਰਦਾ ਹੈ। ਦੈਵ ਮੂਰਖ ਲੋਕਾਂ ਦੀ ਕਲਪਨਾ ਹੈ, ਇਸ ਕਲਪਨਾ ਦੇ ਭਰੋਸੇ ਰਹਿ ਕੇ ਉਹ ਨਾਸ਼ ਨੂੰ ਪ੍ਰਾਪਤ ਹੁੰਦੇ ਹਨ। ਬੁੱਧੀਮਾਨ ਜਾਂ ਅਕਲਮੰਦ ਲੋਕ ਪੁਰਸ਼ਾਰਥ ਦੁਆਰਾ ਉਨਤੀ ਕਰਕੇ ਚੰਗੇ ਪਦ੍ਰ ਪ੍ਰਾਪਤ ਕਰਦੇ ਹਨ। ਸੰਸਾਰ ਵਿੱਚ ਮ੍ਰਿਤ ਸਰੀਰ ਦੇ ਸਿਵਾਏ ਸਾਰੀਆਂ ਕ੍ਰਿਆਵਾਂ ਦਿਖਾਈ ਪੈਂਦੀਆਂ ਹਨ ਅਤੇ ਉਚਿਤ ਕਿਰਿਆ ਦੁਆਰਾ ਹੀ ਫਲ ਪ੍ਰਾਪਤੀ ਹੁੰਦੀ ਹੈ, ਇਸ ਲਈ ਦੈਵ ਦੀ ਕਲਪਨਾ ਨਿਰਰਥਕ ਹੈ। ਦੈਵ ਦੀ ਕਲਪਨਾ ਘੱਟ ਬੁੱਧੀ ਪੁਰਸ਼ ਨੂੰ ਦੁੱਖ ਦੇ ਸਮੇਂ ਆਸ਼ਵਾਸਨ ਦੇਣ ਦੇ ਲਈ ਹੈ। ਆਸ਼ਵਾਸਨ ਦੇਣਾ ਇਕ ਵਾਕ ਹੈ, ਇਸ ਦੇ ਸਿਵਾਏ, ਦੈਵ ਪਰਮਾਰਥ ਦੇ ਰੂਪ ਵਿੱਚ ਕੋਈ ਵਸਤੂ ਨਹੀਂ ਹੈ।

**ਵਰਤਮਾਨ ਕਾਲ ਦਾ ਪੁਰਸ਼ਾਰਥ**

ਭਗਵਾਨ ਬਾਲਮੀਕ ਜੀ ਅਨੁਸਾਰ ਦੋਨਾਂ ਪੁਰਸ਼ਾਰਥ (ਪੂਰਵਕ੍ਰਿਤ ਜਿਸਦਾ ਨਾਮ ਦੈਵ ਹੈ ਅਤੇ ਵਰਤਮਾਨ ਕਾਲ ਦਾ ਪੁਰਸ਼ਾਰਥ) ਦੋ ਮੇਡਕਾਂ ਦੇ ਸਮਾਨ ਇੱਕ ਦੂਜੇ ਦੇ ਨਾਲ ਲੜਦੇ ਹਨ, ਜੋ ਉਨ੍ਹਾਂ ਵਿੱਚ ਗ਼ਿਆਨ ਦਾ ਬਲਵਾਨ ਹੁੰਦਾ ਹੈ, ਉਹੀ ਜਿੱਤ ਪਾਉਂਦਾ ਹੈ। ਜਿਵੇਂ ਕੱਲ ਦਾ ਵਿਗੜਿਆ ਹੋਇਆ ਕੰਮ ਅੱਜ ਦੇ ਯਤਨ ਨਾਲ ਸੁਧਰ ਜਾਂਦਾ ਹੈ ਠੀਕ ਉਸੀ ਪ੍ਰਕਾਰ ਹੁਣ ਦਾ ਕੀਤਾ ਹੋਇਆ ਪੁਰਸ਼ਾਰਥ, ਪੂਰਵ ਦੇ ਕੀਤੇ ਹੋਏ ਪੁਰਸ਼ਾਰਥ ਨੂੰ ਸੁਧਾਰ ਸਕਦਾ ਹੈ, ਇਸ ਲਈ ਮਨੁੱਖ ਨੂੰ ਕਾਰਜਸ਼ੀਲ ਹੋਣਾ ਚਾਹੀਦਾ। ਗ਼ਿਆਦਾ ਬਲੀ ਹੋਣ ਤੇ ਹੁਣ ਦਾ ਪੁਰਸ਼ਾਰਥ ਪੂਰਵ ਕਾਲ ਦੇ ਪੁਰਸ਼ਾਰਥ ਨੂੰ ਅਤੇ ਪੂਰਵਕਾਲ ਦਾ ਪੁਰਸ਼ਾਰਥ ਹੁਣ ਦੇ ਪੁਰਸ਼ਾਰਥ ਨੂੰ ਦਬਾ ਲੈਂਦਾ ਹੈ, ਹਮੇਸ਼ਾਂ ਹੀ ਪੁਰਸ਼ ਦਾ ਕੀਤਾ ਹੋਇਆ ਪ੍ਰਯਤਨ ਜਿੱਤ ਪਾਉਂਦਾ ਹੈ, ਜੋ ਉਦਯੋਗ ਰਹਿਤ ਹੋਕੇ ਪੁਰਸ਼ਾਰਥ ਕਰਦਾ ਹੈ ਉਹੀ ਜਿੱਤ ਪਾਉਂਦਾ ਹੈ। ਇਹ ਤਾਂ ਪ੍ਰਤੱਯਕਸ਼ ਵਿੱਚ ਹੀ ਸਿੱਧ ਹੈ ਕਿ ਪੂਰਵਕਾਲ ਦੇ ਕਰਮ ਦੀ ਤਰ੍ਹਾਂ ਅੱਜ ਕਲ ਦਾ ਕੀਤਾ ਹੋਇਆ ਕਰਮ ਗ਼ਿਆਦਾ ਬਲਵਾਨ ਹੈ, ਇਸ ਲਈ ਦੈਵ ਨੂੰ ਹੁਣ ਦਾ ਪੁਰਸ਼ਾਰਥ, ਇਸ ਪ੍ਰਕਾਰ ਜਿੱਤ ਲੈਂਦਾ ਹੈ ਜਿਵੇਂ ਕਿ ਬੱਚੇ ਨੂੰ ਯੁਵਕ। ਇਸ ਲਈ ਪਰਮ ਪੁਰਸ਼ਾਰਥ ਦਾ ਆਦਰਸ਼ ਲੈ ਕੇ ਸ਼ੁਭ ਕੰਮ ਦੁਆਰਾ ਪੂਰਵ-ਕਾਲ ਦੇ ਅਸ਼ੁਭ ਕਰਮਾਂ ਤੇ ਜਿੱਤ ਪਾਉ। ਬਲ ਪੂਰਵਕ ਇਸ ਵਿਚਾਰ ਨੂੰ ਦੂਰ ਕਰੋ ਕਿ ਪੂਰਵਕਾਲ ਦਾ ਕਰਮ (ਦੈਵ) ਤੁਹਾਨੂੰ ਕਿਹੜੇ ਪਾਸੇ ਪ੍ਰੇਰਿਤ ਕਰ ਰਿਹਾ ਹੈ। ਹੁਣ ਦੇ ਪੁਰਸ਼ਾਰਥ ਨਾਲ ਕਿਸੀ ਪ੍ਰਕਾਰ ਦਾ ਵੀ ਪੂਰਵ ਦਾ ਪੁਰਸ਼ਾਰਥ ਬਲਵਾਨ ਨਹੀਂ ਹੈ। ਮਨੁੱਖ ਨੂੰ ਇੰਨਾ ਪੁਰਸ਼ਾਰਥ ਕਰਨਾ ਚਾਹੀਦਾ ਕਿ ਜਿਸ ਨਾਲ ਉਸਦੇ ਪੂਰਵਕਾਲ ਦੇ ਅਸ਼ੁਭ ਕਰਮ ਸ਼ਾਂਤ ਹੋ ਜਾਣ।

**ਦੋ ਤਰ੍ਹਾਂ ਦੇ ਪੁਰਸ਼ਾਰਥ**

ਭਗਵਾਨ ਬਾਲਮੀਕ ਜੀ ਅਨੁਸਾਰ ਪੁਰਸ਼ਾਰਥ ਦੋ ਪ੍ਰਕਾਰ ਦਾ ਹੁੰਦਾ ਹੈ- ਇਕ ਪੁਰਸ਼ਾਰਥ ਅਨੁਸਾਰ ਅਤੇ ਦੂਜਾ ਪੁਰਸ਼ਾਰਥ ਵਿਰੁੱਧ। ਪਹਿਲੇ ਪੁਰਸਾਰਥ ਨਾਲ ਪਰਮਾਰਥ ਦੀ ਪ੍ਰਾਪਤੀ ਹੁੰਦੀ ਹੈ ਅਤੇ ਦੂਜੇ ਨਾਲ ਅਨਰਥ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਮਿੱਤਰਾਂ ਅਤੇ ਸੱਜਣਾਂ ਦੇ ਸਤਿਸੰਗ ਨਾਲ ਯੁਕਤ ਪੁਰਸ਼ਾਰਥ ਦਾ ਸਹਾਰਾ ਲੈ ਕੇ ਬੁੱਧੀ ਨੂੰ ਨਿਰਮਲ ਕਰਕੇ ਸੰਸਾਰ ਸਮੁੰਦਰ ਨੂੰ ਪਾਰ ਕਰ ਸਕਦਾ ਹੈ। ਸ਼ਾਸਤਰ ਦੋ ਹੋ ਗਏ ਰਮਾਇਣ ਅਤੇ ਮੋਕਸਪਾਏ ਜਿਸ ਨੂੰ ਯੋਗਵਸਿਸਟ ਵੀ ਕਹਿੰਦੇ ਹਨ।ਪ੍ਰੰਤੂ ਸੱਜਣ ਪੁਰਸ਼ ਕਿਸ ਤਰ੍ਹਾਂ ਪਤਾ ਲੱਗੇਗਾ ਕਿ ਕੌਣ ਸਹੀ ਹੈ ਜਾਂ ਗਲਤ ਹੈ।ਇਸ ਲਈ ਇਹ ਵਿਚਾਰ ਦਾ ਵਿਸ਼ਾ ਹੈ।ਕਿਉਂਕਿ ਕਲਯੁਗ ਵਿਚ ਅਸੱਜਣਾਂ ਦੀ ਭਰਮਾਰ ਵੀ ਵਧਦੀ ਹੀ ਜਾ ਰਹੀ ਹੈ।ਇਹ ਆਤਮਿਕ ਵਿਚਾਰ ਨਾਲ ਹੀ ਗਿਆਨ ਹੰਦਾ ਹੈ।

**ਆਲਸ ਦੀ ਨਿੰਦਾ**

ਭਗਵਾਨ ਬਾਲਮੀਕ ਜੀ ਅਨੁਸਾਰ ਅਗਰ ਇਸ ਸੰਸਾਰ ਵਿੱਚ ਆਲਸ ਰੂਪੀ ਅਨਰਥ ਨਾ ਹੁੰਦਾ ਤਾਂ ਕੋਣ ਧਨੀ ਅਤੇ ਵਿਦਵਾਨ ਨਾ ਹੁੰਦਾ। ਆਲਸ ਹੀ ਮਨੁੱਖ ਦਾ ਸਭ ਤੋ ਵੱਡਾ ਦੁਸ਼ਮਣ ਹੈ। ਆਲਸ ਦੇ ਕਾਰਣ ਹੀ ਇਹ ਸਮੁੰਦਰ ਪ੍ਰਯੰਤ ਹੈ, ਪ੍ਰਿਥਵੀ ਨਿਰਧਨ ਅਤੇ ਮੂਰਖ (ਮਨੁੱਖ ਦੇ ਰੂਪ ਵਿੱਚ ਪਸ਼ੂ) ਲੋਕਾਂ ਨਾਲ ਭਰੀ ਪਈ ਹੈ।

ਜੋ ਆਪਸ ਵਿਚ ਲੜਦੇ ਰਹਿੰਦੇ ਹਨ। ਗਰੀਬੀ ਦਾ ਕਾਰਨ ਆਲਸ ਹੀ ਹੈ। ਜੋ ਅਮੀਰ ਹੰਦਾ ਹੈ ਉਸ ਅਮੀਰੀ ਲਈ ਉਸ ਦੀ ਬਹੁਤ ਜਿਆਦਾ ਮਿਹਨਤ ਅਤੇ ਤਿਆਗ ਵੀ ਹੰਦਾ ਹੈ। ਅਮੀਰ ਵਿਅਕਤੀ ਸੰਸਾਰਿਕ ਮੋਹ ਦਾ ਤਿਆਗ ਕਰ ਕੇ ਆਪਣੇ ਪੁਰਸ਼ਾਰਥ ਵਿਚ ਜਿਆਦਾ ਧਿਆਨ ਦਿੰਦਾ ਹੈ।ਤਦ ਹੀ ਅਮੀਰੀ ਕਾਇਮ ਵੀ ਰਹਿੰਦੀ ਹੈ। ਜੋ ਮਿਹਨਤ ਨਹੀਂ ਕਰਦਾ ਉਹ ਨਿਰਧਨ ਹੀ ਰਹਿੰਦਾ ਹੈ।

**ਦੁੱਖ ਦਾ ਕਾਰਣ ਸੰਸਾਰਿਕ ਲਗਾਵ**

ਭਗਵਾਨ ਬਾਲਮੀਕ ਜੀ ਅਨੁਸਾਰ ਸੰਸਾਰ ਦਾ ਰਾਗ ਬਹੁਤ ਦੀ ਦੁੱਖਦਾਈ ਹੈ, ਇਹ ਸੱਪ ਦੀ ਤਰ੍ਹਾਂ ਡੱਸਦਾ ਹੈ, ਤਲਵਾਰ ਦੀ ਤਰ੍ਹਾਂ ਕੱਟਦਾ ਹੈ, ਭਾਲੇ ਦੀ ਤਰ੍ਹਾਂ ਬਿੰਨਦਾ ਹੈ, ਰੱਸੀ ਦੀ ਤਰ੍ਹਾਂ ਲਪੇਟ ਲੈਂਦਾ ਹੈ, ਅੱਗ ਦੀ ਤਰ੍ਹਾਂ ਜਲਾਉਂਦਾ ਹੈ, ਜੋ ਇਸ ਵਿੱਚ ਸ਼ੰਕਾ ਰਹਿਤ ਹੋਕੇ ਗਿਰਦੇ ਹਨ, ਉਨ੍ਹਾਂ ਪੱਥਰ ਦੀ ਤਰ੍ਹਾਂ ਦਬਾ ਦਿੰਦਾ ਹੈ, ਬੁੱਧੀ ਨੂੰ ਹਰ ਲੈਂਦਾ ਹੈ, ਸਥਿਰਤਾ ਨੂੰ ਨਸ਼ਟ ਕਰ ਦਿੰਦਾ ਹੈ, ਮੋਹ ਦੇ ਅੰਧੇਰੇ ਖੂਹ ਵਿੱਚ ਸੁੱਟ ਦਿੰਦਾ ਹੈ, ਤ੍ਰਿੰਣਾ ਨਾਲ ਮਨੁੱਖ ਨੂੰ ਜਰਜਰ ਕਰ ਦਿੰਦਾ ਹੈ। ਅਜਿਹਾ ਕੋਈ ਦੁੱਖ ਨਹੀਂ ਹੈ, ਜੋ ਸੰਸਾਰਿਕ ਪ੍ਰਾਣੀ ਜਾਂ ਕਹਿ ਲਓ ਸੰਸਾਰ ਨਾਲ ਲਗਾਵ, ਰਾਗ ਰੱਖਣ ਵਾਲਾ ਵਿਅਕਤੀ ਆਦਿ ਨੇ ਸਹਿਣ ਨਾ ਕੀਤਾ ਹੋਵੇ।ਦੁੱਖਾਂ ਦਾ ਕਾਰਣ ਸੰਸਾਰਿਕ ਵਸਤੂਆਂ ਤੇ ਆਕਰਸ਼ਿਤ ਹੋਣਾ, ਪਰਾਈ ਇਸਤਰੀ ਅਤੇ ਧੰਨ ਉੱਤੇ ਆਪਣੀ ਬੂਰੀ ਅੱਖ ਰਖਣਾ, ਦੂਜੇ ਵਿਅਕਤੀ ਦੀ ਪ੍ਰਸਿੱਧੀ ਤੇ ਈਰਖਾ ਕਰਨਾ ਆਦਿ ਦੁੱਖਾਂ ਦੇ ਕਾਰਣ ਹਨ।ਇਸ ਨਹੀਂ ਹੀ ਭਗਵਾਨ ਬਾਲਮੀਕ ਜੀ ਨੇ ਪੁਰਸ਼ਾਰਥ ਤੇ ਜੋਰ ਦਿੱਤੇ ਅਤੇ ਕਿਹਾ ਹੈ ਕਿ ਪੁਰਸ਼ਾਰਥ ਹੀ ਦੇਵ ਹੈ।

**ਅਗਿਆਨੀ ਨੂੰ ਹੀ ਦੁੱਖ ਹੁੰਦਾ ਹੈ**

ਭਗਵਾਨ ਬਾਲਮੀਕ ਜੀ ਅਨੁਸਾਰ ਇਹ ਸੰਸਾਰ ਰੂਪੀ ਪ੍ਰਵਾਹ ਅਗਿਆਨੀ ਦੀ ਹੀ ਮੂਰਖਤਾ ਨਾਲ ਚਲ ਰਿਹਾ ਹੈ। ਅਗਿਆਨੀ ਨੂੰ ਹੀ ਘੋਰ ਦੁੱਖ ਸੁੱਖ ਹੁੰਦੇ ਹਨ। ਜਦੋਂ ਜੀਵ ਗਿਆਨ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਦੇ ਸਾਰੇ ਸੰਸਾਰਿਕ ਕਸ਼ਟ ਦੂਰ ਹੋ ਜਾਂਦੇ ਹਨ।ਰਾਜਾ ਅਰਿਸਨੇਮੀ ਨੇ ਵੀ ਗਿਆਨ ਪ੍ਰਾਪਤ ਕਰਨ ਨਹੀਂ ਅਪਣਾ ਸਾਰਾ ਰਾਜ ਪਾਠ ਛੱਡ ਕੇ ਭਗਵਾਨ ਬਾਲਮੀਕ ਜੀ ਦੀ ਸਰਨ ਵਿਚ ਆ ਗਿਆ ਸੀ।

**ਗਿਆਨ ਨਾਲ ਹੀ ਦੁੱਖ ਦੀ ਨਿਵਿਰਤੀ ਹੁੰਦੀ ਹੈ**

ਭਗਵਾਨ ਬਾਲਮੀਕ ਜੀ ਅਨੁਸਾਰ ਸੰਸਾਰ ਰੂਪੀ ਜ਼ਹਿਰ (ਵਿਸ਼) ਦਾ ਦਰਖ਼ਤ, ਜੋ ਕਿ ਸਾਰੀਆਂ ਮੁਸ਼ਕਲਾਂ ਦੇਣ ਵਾਲਾ ਹੈ, ਅਗਿਆਨੀ ਨੂੰ ਹੀ ਦੁੱਖ ਦਿੰਦਾ ਹੈ। ਇਸ ਨਹੀਂ ਅਗਿਆਨ ਨੂੰ ਹਮੇਸ਼ਾਂ ਯਤਨ ਕਰਕੇ ਨਸ਼ਟ ਕਰਨਾ ਚਾਹੀਦਾ। ਜਿਸ ਪ੍ਰਕਾਰ ਵਰਖਾ ਨਾਲ ਭਿੱਜੇ ਹੋਏ ਜੰਗਲ ਨੂੰ ਅਗਨੀ ਦੀ ਜਵਾਲਾ ਨਹੀਂ ਜਲਾ ਸਕਦੀਆਂ, ਉਸੀ ਪ੍ਰਕਾਰ ਮਾਨਸਿਕ ਦੁੱਖ ਵੀ ਅਗਿਆਨੀ ਨੂੰ, ਜਿਸਨੇ ਜੋ ਕੁੱਝ ਜਾਣਨ ਯੋਗ ਹੈ ਜਾਣ ਲਿਆ ਹੈ ਅਤੇ ਯੁਕਤ ਦ੍ਰਿਸ਼ਟੀ ਪ੍ਰਾਪਤ ਕਰ ਨਹੀਂ ਹੈ, ਉਸ ਜੀਵ ਨੂੰ ਦੁੱਖ ਨਹੀਂ ਦੇ ਸਕਦਾ ਹੈ। ਗਿਆਨ ਰੂਪੀ ਕਿਸ਼ਤੀ (ਨੌਕਾ) ਦੁਆਰਾ ਬੁੱਧੀਮਾਨ ਲੋਕ ਦੁੱਖੀ ਸੰਸਾਰ-ਸਮੁੰਦਰ ਵਿੱਚ ਨਿਮਖ ਮਾਤਰ ਵਿੱਚ ਹੀ ਪਾਰ ਹੋ ਜਾਂਦੇ ਹਨ। ਨਿਰਵਾਣ ਨਾਮ ਵਾਲਾ ਪਰਮਾਨੰਦ, ਜਿਸ ਨੂੰ ਪ੍ਰਾਪਤ ਕਰ ਲੈਣ ਤੇ ਮਨੁੱਖ ਦਾ ਪੁਨਰ ਜਨਮ ਅਤੇ ਮਰਣ ਨਹੀਂ ਹੁੰਦਾ, ਉਹ ਗਿਆਨ ਨਾਲ ਹੀ ਪ੍ਰਾਪਤ ਹੁੰਦਾ ਹੈ। ਸੰਸਾਰ ਤੋਂ ਪਾਰ ਹੋਣ ਦਾ ਇਕਮਾਤਰ ਉਪਾਅ ਗਿਆਨ ਹੈ, ਉਸ ਨੂੰ ਪ੍ਰਾਪਤ ਕਰਨ ਨਹੀਂ ਕਿਸੇ ਤਪ, ਦਾਨ, ਤੀਰਥ ਅਤੇ ਇਸ਼ਨਾਨ ਆਦਿ ਦੀ ਕੋਈ ਵੀ ਜ਼ਰੂਰਤ ਨਹੀਂ ਹੈ।

**ਆਤਮਗਿਆਨ ਨਾਲ ਹੀ ਪਰਮ ਸ਼ਾਂਤੀ ਪ੍ਰਾਪਤ ਹੁੰਦੀ ਹੈ**

ਭਗਵਾਨ ਬਾਲਮੀਕ ਜੀ ਅਨੁਸਾਰ ਚਾਹੇ ਤ੍ਰਿਭਵਨ ਦਾ ਰਾਜ ਮਿਲ ਜਾਵੇ, ਚਾਹੇ ਮੇਘ ਜਾਂ ਜਲ ਦੇ ਅੰਦਰ ਕੋਈ ਪ੍ਰਵੇਸ਼ ਕਰ ਲਓ, ਆਤਮਗਿਆਨ ਦੀ ਪ੍ਰਾਪਤੀ ਦੇ ਬਿਨਾਂ ਕਿਸੀ ਨੂੰ ਵੀ ਸ਼ਾਂਤੀ ਦੀ ਪ੍ਰਾਪਤੀ ਨਹੀਂ ਹੁੰਦੀ। ਜੋ ਆਪਣਾ ਕਲਿਆਣ ਚਾਹੁੰਦਾ ਹੋਵੇ ਉਸਨੂੰ ਚਾਹੀਦਾ ਕਿ ਆਤਮ ਗਿਆਨ ਦੇ ਨਹੀਂ ਪ੍ਰਯਤਨਸ਼ੀਲ ਹੋਵੇ, ਕਿਉਂਕਿ ਸਾਰੇ ਦੁੱਖਾਂ ਦਾ ਨਾਸ਼ ਆਤਮ ਅਨੁਭਵ ਨਾਲ ਹੁੰਦਾ ਹੈ। ਜੇ ਪਰਮ ਆਤਮਾ ਦਾ ਗਿਆਨ ਹੋ ਜਾਵੇ ਤਾਂ ਸਾਰੇ ਦੁੱਖਾਂ ਦਾ ਪ੍ਰਵਾਹ ਇਸ ਪ੍ਰਕਾਰ ਨਸ਼ਟ ਹੋ ਜਾਵੇਗਾ, ਜਿਵੇਂ ਵਿਸ਼ ਦਾ ਪ੍ਰਭਾਵ ਖਤਮ ਹੁੰਦੇ ਹੀ ਵਿਸ਼ੂਚਿਕਾ ਰੋਗ ਸ਼ਾਂਤ ਹੋ ਜਾਂਦਾ ਹੈ। ਇਸ ਨਹੀਂ ਆਤਮਗਿਆਨ ਤੋ ਬਿਨਾਂ ਕੋਈ ਪਰਮਸ਼ਾਂਤੀ ਨਹੀਂ ਹੁੰਦੀ ਹੈ।

**ਭਗਵਾਨ ਬਾਲਮੀਕ ਦੁਆਰਾ ਚੇਲਿਆ ਨੂੰ ਗਿਆਨ ਦਾ ਉਪਦੇਸ਼**

ਭਗਵਾਨ ਬਾਲਮੀਕ ਜੀ ਨੇ ਕਿਹਾ, ਇਹ ਗਿਆਨ ਜੋ ਕਿ ਸਾਰੇ ਦੁੱਖਾਂ ਦਾ ਨਾਸ਼ ਕਰਨ ਵਾਲਾ ਅਤੇ ਬੁੱਧੀ ਨੂੰ ਪਰਮ ਸ਼ਾਂਤ ਕਰਨ ਵਾਲਾ ਹੈ। ਜੋ ਗਿਆਨ ਸ੍ਰਿਸ਼ਟੀ ਦੇ ਆਦਿ ਵਿੱਚ ਲੋਕਾਂ ਦੇ ਕਲਿਆਣ ਦੇ ਨਹੀਂ ਦਿੱਤੇ ਹੈ, ਉਸ ਨੂੰ ਰਿਸੀ ਭਾਰਦਵਾਜ ਜੀ ਨੇ ਸ਼੍ਰਵਣ ਕੀਤਾ ਅਤੇ ਹੋਰ ਬਹੁਤ ਸਾਰੇ ਚੇਲੇ ਰਿਸ਼ੀਆਂ ਨੇ ਵੀ ਸ਼ਰੂਤੀ ਅਤੇ ਸਮਰਿਤੀ ਦੇ ਨਾਲ ਤਿੰਨਾਂ ਲੋਕਾਂ ਵਿਚ ਫੈਲਾਇਆ ਗਿਆ। ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ।

* ਸਾਰੇ ਦੁੱਖਾਂ ਦਾ ਖਾਤਮਾ ਕਰਨ ਦੇ ਨਹੀਂ ਪੁਰਸ਼ਾਰਥ ਤੋ ਇਲਾਵਾ ਦੂਜਾ ਮਾਰਗ ਨਹੀਂ ਹੈ।
* ਦੁੱਖਾਂ ਦਾ ਖਾਤਮਾ ਕੇਵਲ ਪੁਰਸ਼ਾਰਥ ਨਾਲ ਹੰਦਾ ਹੈ।
* ਜੋ ਵਿਅਕਤੀ ਉਦਯੋਗ ਛੱਡ ਕੇ ਆਪਣੇ ਭਾਗਾਂ ਦੇ ਭਰੋਸੇ ਬੈਠ ਜਾਵੇ, ਉਹ ਅਪਣਾ ਹੀ ਦੁਸ਼ਮਣ ਹੈ।
* ਜੋ ਕੁਬੁੱਧੀ ਲੋਕ ਇਹ ਸਮਝਦੇ ਹਨ ਕਿ ਸਭ ਕੁਝ ਭਾਗਾਂ ਦੇ ਅਧੀਨ ਹੈ, ਉਹ ਨਾਸ਼ ਨੂੰ ਪ੍ਰਾਪਤ ਹੁੰਦੇ ਹਨ।
* ਦੈਵ ਕਦੇ ਕੁਝ ਵੀ ਨਹੀਂ ਕਾਰਣ।ਇਹ ਕੇਵਲ ਕਲਪਨਾ ਮਾਤਰ ਹੈ ਕਿ ਦੈਵ ਹੀ ਸਭ ਕੁਝ ਕਾਰਣ ਹੈ।
* ਦੈਵ ਮੂਰਖ ਲੋਕਾਂ ਦੀ ਕਲਪਨਾ ਹੈ। ਬੁੱਧੀਮਾਨ ਲੋਕ ਪੁਰਸ਼ਾਰਥ ਦੁਆਰਾ ਉਨਤੀ ਕਰ ਕੇ ਅੱਛੇ ਪਦ ਪ੍ਰਾਪਤ ਕਰਨੇ ਹਨ।
* ਦੈਵ ਦੀ ਕਲਪਨਾ ਘੱਟ ਬੁੱਧੀ ਵਾਲੇ ਲੋਕਾਂ ਨੂੰ ਦੁੱਖ ਦੇ ਸਮਾਨ ਹੌਸਲਾ (ਆਸਵਾਸਨ) ਦੇਣ ਵਾਲੀ ਹੁੰਦੀ ਹੈ।
* ਮਨੁੱਖ ਨੂੰ ਇਨ੍ਹਾਂ ਪੁਰਸ਼ਾਰਥ ਕਰਨਾ ਚਾਹੀਦਾ ਹੈ ਕਿ ਜਿਸ ਨਾਲ ਪਹਿਲਾ ਕੀਤੇ ਅਸੁਭ ਕਰਮ ਵੀ ਸ਼ਾਂਤ ਹੋ ਜਾਣ।
* ਅਗਰ ਸੰਸਾਰ ਵਿਚ ਆਲਸ ਰੂਪੀ ਅਨਰਥ ਨਾ ਹੁੰਦਾ ਤਾਂ ਕੌਣ ਧਨੀ ਅਤੇ ਵਿਦਵਾਨ ਨਾ ਹੁੰਦਾ।
* ਆਪਣੇ ਹੀ ਯਤਨਾਂ ਤੋਂ ਬਿਨ੍ਹਾਂ ਕਦੇ ਵੀ ਹੋਰ ਕੋਈ ਸਾਨੂੰ ਸਿੱਧੀ ਨਹੀਂ ਦੇਣ ਵਾਲਾ ਹੈ।
* ਤਿੰਨਾਂ ਲੋਕਾਂ ਵਿਚ ਅਜਿਹਾ ਕੋਈ ਵੀ ਪਦਾਰਥ ਨਹੀਂ ਹੈ।ਜੋ ਉਦਯੋਗ ਛੱਡ ਕੇ ਪੁਰਸ਼ਾਰਥ ਦੁਆਰਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਹੋਵੇ।

# ਜਰਖੜ ਸਟੇਡੀਅਮ ਦੇਖਣ ਲਈ ਪੁੱਜੇ ਕੈਨੇਡਾ ਦੇ ਗੋਰੇ

**ਲੁਧਿਆਣਾ** – ਕੈਨੇਡਾ ਦੇ ਸ਼ਹਿਰ ਐਬਸਫੋਰਡ ਤੋਂ ਪੰਜਾਬ ਦੀ ਯਾਤਰਾ ਕਰ ਰਹੇ ਕੈਨੇਡਾ ਦੇ ਗੋਰੇ ਅੱਜ ਜਰਖੜ ਖੇਡ ਸਟੇਡੀਅਮ ਨੂੰ ਦੇਖਣ ਲਈ ਉਚੇਚੇ ਤੌਰ ਤੇ ਪੁੱਜੇ ਇੱਕ ਦਰਜਨ ਦੇ ਕਰੀਬ ਗੋਰਿਆਂ ਦੀ ਫੈਮਲੀ ਜਿੰਨ੍ਹਾਂ ਵਿੱਚ ਰਵੀ ਗਿੱਲ ਜੈਨੀ ਗਿੱਲ ਡਾਇਰਕ ਜਾਰਵਿਸ, ਕਾਇਲ ਮੂਲਰ, ਕਾਇਲ ਹਰਗਰੋਵ ਆਦਿ ਹੋਰ ਉਨ੍ਹਾਂ ਦੇ ਪਰਿਵਾਰਕ ਮੈਂਬਰ ਮਾਤਾ ਸਾਹਿਬ ਕੌਰ ਖੇਡ ਸਟੇਡੀਅਮ ਜਰਖੜ ਵਿਖੇ ਪੁੱਜੀ ਜਿੱਥੇ ਉਨ੍ਹਾਂ ਦਾ ਜਰਖੜ ਖੇਡਾਂ ਦੇ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ ਮਹਿਮਾਨ ਗੋਰਿਆਂ ਨੂੰ ਬੁੱਕੇ ਅਤੇ ਜਰਖੜ ਖੇਡਾਂ ਦੀ ਟਰਾਫ਼ੀ ਦੇ ਕੇ ਸਨਮਾਨਿਤ ਕੀਤਾ ਗੋਰਿਆਂ ਨੇ ਪੂਰਾ ਸਟੇਡੀਅਮ ਘੁੰਮ ਕੇ ਵੇਖਿਆ ਅਤੇ ਫਿਰ ਹਾਕੀ ਖੇਡਣ ਦਾ ਅਨੰਦ ਵੀ ਮਾਣਿਆ ।



ਜਰਖੜ ਅਕੈਡਮੀ ਦੇ ਬੱਚਿਆਂ ਨਾਲ ਕੁਝ ਗੱਲਾਂ ਵੀ ਕੀਤੀਆਂ ਅਤੇ ਹਾਕੀ ਖੇਡਣ ਦੇ ਟਿਪਸ ਵੀ ਸਿੱਖੇ ਜਰਖੜ ਸਟੇਡੀਅਮ ਦੇਖ ਕੇ ਪੂਰੀ ਤਰ੍ਹਾਂ ਬਾਗੋ ਬਾਗ ਹੋਏ ਗੋਰਿਆਂ ਨੇ ਆਖਿਆ ਕਿ ਜਰਖੜ ਸਟੇਡੀਅਮ ਵਾਕਿਆ ਹੀ ਇੱਕ ਕੈਨੇਡਾ ਦੇ ਖੇਡ ਮੈਦਾਨਾ ਵਰਗੀ ਝਲਕ ਪੇਸ਼ ਕਰਦਾ ਹੈ ਕੁਝ ਪਲ ਲਈ ਜਰਖੜ ਹਾਕੀ ਅਕੈਡਮੀ ਦੇ ਦਫ਼ਤਰ ਵਿੱਚ ਰੁਕੇ ਯਾਦਗਾਰੀ ਤਸਵੀਰਾਂ ਕਰਵਾਈਆਂ।

ਇਸ ਮੌਕੇ ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਤੇਜਿੰਦਰ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਆਖਿਆ ਅਤੇ ਸਨਮਾਨਤ ਕੀਤਾ । ਗੋਰਿਆਂ ਨਾਲ ਬਿਤਾਏ ਪਲ ਵਾਕਿਆ ਹੀ ਲੰਬਾ ਅਰਸਾ ਯਾਦ ਰਹਿਣਗੇ ਉਨ੍ਹਾਂ ਨੇ ਜਰਖੜ ਹਾਕੀ ਖੇਡੀ ਦੇ ਪ੍ਰਬੰਧਕਾਂ ਨੂੰ ਵੀ ਕੈਨੇਡਾ ਆਉਣ ਦਾ ਸੱਦਾ ਦਿੱਤਾ ਅੱਗੇ ਜੋ ਕੁਦਰਤ ਨੂੰ ਮਨਜ਼ੂਰ ਹੋਵੇਗਾ ਪਰਮਾਤਮਾ ਇਸੇ ਤਰਾਂ ਹੀ ਆਏ ਮਹਿਮਾਨਾਂ ਦੇ ਨਾਲ ਯਾਦਗਾਰੀ ਪਲਾਂ ਨੂੰ ਬਿਖੇਰਦਾ ਰਹੇ।



### ਪੰਜਾਬ ਸਰਕਾਰ ਦੇ ਡਿਜ਼ੀਟਲ ਪ੍ਰੋਗਰਾਮਾਂ ਦੀ ਰੌਸ਼ਨੀ ਵਿਚ

# ਗੁਰੂ ਨਾਨਕ ਦੀ ਵਿਚਾਰਧਾਰਾ



ਫਤਿਹਜੰਗ ਸਿੰਘ
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਗੁਰਪੁਰਬ ਸਾਡੀਆਂ ਬਰੂਹਾਂ ’ਤੇ ਹੈ। ਹਰ ਕੋਈ ਇਸਨੂੰ ਬਿਨਾਂ ਜਾਤਪਾਤੀ ਅਤੇ ਧਾਰਮਿਕ ਵਖਰੇਵੇਂ ਦੇ ਆਪਣੇ-ਆਪਣੇ ਵਿੱਤ ਅਨੁਸਾਰ ਵੱਧ-ਚੜ੍ਹ ਕੇ ਮਨਾਉਣ ਦੀਆਂ ਕੋਸ਼ਿਸ਼ਾਂ ਵਿਚ ਹੈ, ਭਾਵੇਂ ਕੋਈ ਨਿੱਜੀ ਤੌਰ ’ਤੇ ਮਨਾਵੇ, ਭਾਵੇਂ ਸਮੂਹਿਕ ਤੌਰ ’ਤੇ ਕੋਈ ਸੰਸਥਾ ਮਨਾਵੇ ਤੇ ਜਾਂ ਸਰਕਾਰੀ ਤੌਰ ’ਤੇ ਮਨਾਇਆ ਜਾਵੇ। ਗੁਰੂ ਨਾਨਕ ਦੀ ਵਿਚਾਰਧਾਰਾ ਹੀ ਅਜਿਹੀ ਸੀ ਕਿ ਉਹ ਧਰਮਾਂ, ਜਾਤਾਂ-ਪਾਤਾਂ ਦੀਆਂ ਉੱਚੀਆਂ ਉੱਚੀਆਂ ਦੀਵਾਰਾਂ ਅਤੇ ਵਲਗਣਾਂ ਤੋਂ ਉਪਰ, ਗੈਰ ਕੁਦਰਤੀ, ਗੈਰ ਵਿਗਿਆਨਕ, ਗੈਰ ਤਰਕਸ਼ੀਲ ਵਿਚਾਰਾਂ ਦਾ ਖੰਡਨ ਕਰਨ ਵਾਲੀ, ਮਨੁੱਖਵਾਦੀ ਤੇ ਸਮਾਜਵਾਦੀ ਵਿਚਾਰਾਂ ਨਾਲ ਲਬਰੇਜ਼ ਸੀ। ਗੁਰੂ ਨਾਨਕ ਤਾ-ਉਮਰ ਕੁਰਾਹਿਆਂ ਨੂੰ ਰਾਹੇ ਪਾਣ, ਦੁਖੀਆਂ ਦੇ ਦਰਦ ਵੰਡਾਉਣ ਅਤੇ ਲੋੜਵੰਦ ਦੀ ਮਦਦ ਕਰਨ ਦਾ ਕੰਮ ਕਰਦੇ ਰਹੇ। ਇਸੇ ਲਈ ਉਹਨਾਂ ਦੇ ਜੋਤੀ-ਜੋਤ ਸਮਾਉਣ ਵੇਲੇ ਉਸ ਸਮੇਂ ਦੇ ਮੁੱਖ ਦੋ ਧਰਮ ਹਿੰਦੂ ਅਤੇ ਮੁਸਲਮਾਨ ਦੇ ਪੈਰੋਕਾਰਾਂ ਨੇ ਆਪਣੀਆਂ ਆਪਣੀਆਂ ਰਹੁ-ਰੀਤਾਂ ਅਨੁਸਾਰ ਉਹਨਾਂ ਦਾ ਦਾਹ ਸੰਸਕਾਰ ਕਰਨ ਲਈ ਜ਼ੋਰ ਦਿੱਤਾ ਸੀ। ਉਸ ਸਰਬ ਸਾਂਝੇ ਗੁਰੂ ਲਈ ਅੱਜ ਵੀ 550 ਸਾਲਾਂ ਬਾਅਦ ਹਰ ਕੋਈ ਆਪਣੇ ਧਰਮ ਅਤੇ ਅਕੀਦੇ ਤੋਂ ਉਪਰ ਉੱਠ ਕੇ ਉਹਨਾਂ ਨੂੰ ਚੰਗੇ ਤੋਂ ਚੰਗੇ ਢੰਗ ਨਾਲ ਅਕੀਦਤ ਭੇਂਟ ਕਰਨੀ ਚਾਹੁੰਦਾ ਹੈ।

ਗੁਰੂ ਨਾਨਕ ਦੀ ਇਸ ਵਿਲੱਖਣ, ਸਹਿਜ ਤੇ ਸਰਲ ਵਿਚਾਰਧਾਰਾ ਨਾਲ ਉਹਨਾਂ ਦੇ ਜੀਵਨ ਕਾਲ ਵਿਚ ਬਹੁਤ ਵਿਰੋਧਤਾ ਹੁੰਦੀ ਰਹੀ ਹੈ। ਉਹਨਾਂ ਦੀ ਸੋਚ ਅਤੇ ਫ਼ਲਸਫ਼ੇ ਨੂੰ ਅੱਗੇ ਵਧਣ ਤੋਂ ਹਰ ਹੀਲੇ ਵਸੀਲੇ ਰੋਕਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਸਨ, ਕਿਉਂਕਿ ਜੋ ਉਸ ਵੇਲੇ ਧਰਮ ਦੇ ਨਾਂ ’ਤੇ ਕੂੜ ਅਤੇ ਅਡੰਬਰ ਫੈਲਾਇਆ ਜਾ ਰਿਹਾ ਸੀ, ਉਸਨੂੰ ਸੱਟ ਵੱਜਦੀ ਸੀ। ਵਿਰੋਧੀ ਤਾਕਤਾਂ ਨੇ ਉਸ ਕੂੜ ਪ੍ਰਚਾਰ ਨੂੰ ਸਾਡੇ ਮਨਾਂ ਅੰਦਰ ਇੰਨਾ ਪੱਕਾ ਕਰ ਦਿੱਤਾ ਹੈ ਕਿ ਉਹ ਅੱਜ ਵੀ ਸਾਡਾ ਪਿੱਛਾ ਨਹੀਂ ਛੱਡ ਰਿਹਾ। ਗੁਰੂ ਕਾਲ (1469 ਤੋਂ 1708) ਵਿਚ ਅਤੇ ਫਿਰ ਬਾਬਾ ਬੰਦਾ ਸਿੰਘ ਬਹਾਦਰ ਤੱਕ ਵਿਰੋਧਤਾਵਾਂ ਦੇ ਬਾਵਜੂਦ ਵੀ ਗੁਰੂ ਨਾਨਕ ਦੀ ਸੋਚ ਨੂੰ ਆਂਚ ਨਹੀਂ ਆਉਣ ਦਿੱਤੀ ਗਈ। ਪਰ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਜਕੜ ਅਜਿਹੀ ਪੀਡੀ ਹੁੰਦੀ ਚਲੀ ਗਈ ਕਿ ਨਾਨਕ ਨਾਮਲੇਵਿਆਂ ਵੱਲੋਂ ਅੰਤਾਂ ਦੀਆਂ ਔਕੜਾਂ, ਜ਼ੁਲਮ ਅਤੇ ਅੱਤਿਆਚਾਰ ਸਹਾਰਦਿਆਂ ਹਜ਼ਾਰਾਂ ਕੁਰਬਾਨੀਆਂ ਵੀ ਦਿੱਤੀਆਂ ਗਈਆਂ। ਪਰ ਗੁਰੂ ਨਾਨਕ ਦੀ ਸੋਚ ਦੇ ਸੂਰਜ ਨੂੰ ਗ੍ਰਹਿਣ ਲੱਗਣ ਤੋਂ ਨਾ ਰੋਕਿਆ ਜਾ ਸਕਿਆ। ਗੁਰੂ ਨਾਨਕ ਦੇ ਜਨਮ ਵੇਲੇ ਭਾਈ ਗੁਰਦਾਸ ਨੇ ’ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ’ ਆਖ ਕੇ ਇਕ ਧੁੰਦ ਤੇ ਅੰਧਕਾਰ ਵੱਲ ਇਸ਼ਾਰਾ ਕੀਤਾ ਸੀ, ਜਿਸਨੇ ਸਮਾਜ ਨੂੰ ਸੱਚ ਦੇ ਚਾਨਣ ਤੋਂ ਢਕ ਰੱਖਿਆ ਸੀ ਅਤੇ ਗੁਰੂ ਨਾਨਕ ਨੇ ਸੂਰਜ ਬਣ ਕੇ ਉਸ ਅੰਧਕਾਰ ਨੂੰ ਦੂਰ ਕਰਨ ਲਈ ਸੱਚ ਦਾ ਚਾਨਣ ਬਖੇਰਿਆ ਸੀ। ਪਰ ਅੱਜ ਸਾਢੇ ਪੰਜ ਸਦੀਆਂ ਬੀਤ ਜਾਣ ਬਾਅਦ ਵੀ ਉਹ ਅੰਧਕਾਰ ਦੂਰ ਹੁੰਦਾ ਨਜ਼ਰ ਨਹੀਂ ਆ ਰਿਹਾ। ਸਗੋਂ ਜਾਪ ਇੰਝ ਰਿਹਾ ਹੈ ਕਿ ਭਾਈ ਗੁਰਦਾਸ ਵਾਲੇ ਉਸ ਸੂਰਜ ਨੂੰ ਹੁਣ ਗ੍ਰਹਿਣ ਨੇ ਜਕੜ ਲਿਆ ਹੈ। ਜਿਉਂ ਜਿਉਂ ਗ੍ਰਹਿਣ ਦੀ ਤੀਬਰਤਾ ਵਧਦੀ ਜਾ ਰਹੀ ਸੀ, ਤਿਉਂ-ਤਿਉਂ ਅੰਧਕਾਰ ਫੈਲਦਾ ਜਾ ਰਿਹਾ ਹੈ। ਉਸ ਸੂਰਜ ਦੀ ਹੁਣ ਬੜੀ ਥੋੜ੍ਹੀ ਜਿਹੀ ਟਿੱਕੀ ਹੀ ਗ੍ਰਹਿਣ ਤੋਂ ਬਚੀ ਜਾਪਦੀ ਹੈ। ਅੱਜ ਕਰੋੜਾਂ ਹੀ ਗੁਰੂ ਨਾਨਕ ਦੇ ਅਨੁਯਾਈ ਮਿਲ ਕੇ ਇਸ ਗ੍ਰਹਿਣ ਤੋਂ ਨਿਜ਼ਾਤ ਦਿਵਾਉਣ ਲਈ ਅਸਮਰੱਥ ਜਾਪ ਰਹੇ ਹਨ।

ਗੁਰੂ ਨਾਨਕ ਦੇ 550ਵੇਂ ਜਨਮ ਦਿਵਸ ਤੱਕ ਪਹੁੰਚਦਿਆਂ ਜਾਪਦਾ ਸੀ ਕਿ ਹੁਣ ਵਿਗਿਆਨ ਦਾ ਯੁੱਗ ਆ ਗਿਆ ਹੈ, ਹੁਣ ਉੱਚੀ ਤੋਂ ਉੱਚੀ ਵਿੱਦਿਆ ਹਾਸਲ ਕਰਨ ਅਤੇ ਖੋਜਾਂ ਕਰਨ ਦੀਆਂ ਵੀ ਇਕ ਤੋਂ ਇਕ ਵੱਧ ਕੇ ਸਹੂਲਤਾਂ ਉਪਲਬਧ ਹਨ, ਕੰਪਿਊਟਰ ਨੇ ਵੀ ਬਹੁਤ ਮੱਲਾਂ ਮਾਰ ਲਈਆਂ ਹਨ ਤੇ ਇਸ ਸਭ ਕੁਝ ਨੇ ਮਨੁੱਖ ਦੀ ਸੋਚ ਤਰਕਸ਼ੀਲ ਅਤੇ ਵਿਗਿਆਨਕ ਬਣਾ ਦਿੱਤੀ ਹੋਵੇਗੀ, ਜਿਸਨੇ ਧਰਮ ਅਤੇ ਧਾਰਮਿਕ ਆਗੂਆਂ ਨੂੰ ਉਹਨਾਂ ਦੇ ਅਸਲ ਰੂਪ ਵਿਚ ਵੇਖਣ ਲਈ ਨਜ਼ਰ ਤਿੱਖੀ ਕਰ ਦਿੱਤੀ ਹੋਵੇਗੀ। ਪਰ ਨਹੀਂ ਸਾਡੀ ਸੋਚ ਹਾਲੇ ਵੀ ਉਥੇ ਖੜ੍ਹੀ ਆਰਾਮ ਕਰ ਰਹੀ ਹੈ, ਜਿੱਥੋਂ ਗੁਰੂ ਨਾਨਕ ਨੇ ਅੱਗੇ ਤੋਰਨ ਦੀ ਕੋਸ਼ਿਸ਼ ਕੀਤੀ ਸੀ। ਗੁਰੂ ਨਾਨਕ ਦੀ ਲਹਿਰ ਨੇ ਲੱਗਭੱਗ ਢਾਈ ਸਦੀਆਂ ਤੱਕ ਹਰ ਅੱਤਿਆਚਾਰ ਤੇ ਜ਼ੁਲਮ ਦਾ ਸਾਹਮਣਾ ਕਰਕੇ ਅਸਲ ਰੂਪ ਵਿਚ ਕੰਮ ਕੀਤਾ ਸੀ ਅਤੇ ਅਗਲੀ ਅੱਧੀ ਸਦੀ ਵੀ ਦੁਸ਼ਵਾਰੀਆਂ ਝੱਲਦਿਆਂ, ਸ਼ਹੀਦੀਆਂ ਪਾਉਂਦਿਆਂ ਇਸਦੇ ਲੇਖੇ ਲਾ ਦਿੱਤੀ ਸੀ ਪਰ ਫਿਰ ਵੀ ਇਹ ਲਹਿਰ ਅੱਜ ਇਸ ਮੋੜ ’ਤੇ ਆ ਖਲੋਤੀ ਹੈ ਕਿ ਅੱਗੋਂ ਹਨ੍ਹੇਰਾ ਹੀ ਹਨ੍ਹੇਰਾ ਨਜ਼ਰ ਆ ਰਿਹਾ ਹੈ।

ਗੁਰੂ ਨਾਨਕ ਦਾ ਇਹ ਜਨਮ ਦਿਹਾੜਾ ਦੋ ਵੱਡੀਆਂ ਸੰਸਥਾਵਾਂ- ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਵੀ ਵੱਖਰੇ-ਵੱਖਰੇ ਤੌਰ ’ਤੇ ਸ਼ਰਧਾ ਪੂਰਵਕ ਤੇ ਵੱਧ ਚੜ੍ਹ ਕੇ ਮਨਾਉਣ ਦੇ ਐਲਾਨ ਕੀਤੇ ਗਏ ਹਨ। ਵੱਡਾ ਸਮਾਗਮ ਜੋ ਗੁਰੂ ਨਾਨਕ ਦੀ ਕਰਮ ਭੂਮੀ ਕਰਤਾਰਪੁਰ ਵਿਚ ਹੋਣ ਜਾ ਰਿਹਾ ਹੈ, ਉਹ ਵੀ ਵੱਖੋ-ਵੱਖਰੇ ਤੌਰ ’ਤੇ ਮਨਾਉਣ ਦੀਆਂ ਤਿਆਰੀਆਂ ਹੋ ਰਹੀਆਂ ਹਨ, ਭਾਵੇਂ ਦੋਹਾਂ ਨੂੰ ਇਕੱਠਿਆਂ ਕਰਨ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਜਾ ਰਹੀਆਂ ਹਨ। ਪੰਜਾਬ ਸਰਕਾਰ ਨੇ ਇਸ ਸਿਲਸਿਲੇ ਵਿਚ ਹੋਰ ਸਕੀਮਾਂ ਅਤੇ ਵਿਕਾਸ ਕਾਰਜਾਂ ਤੋਂ ਇਲਾਵਾ 7 ਅਕਤੂਬਰ 2019 ਤੋਂ 10 ਫਰਵਰੀ 20 ਤੱਕ ਪੰਜਾਬ ਵਿਚ ਗੁਰੂ ਨਾਨਕ ਦੇ ਜੀਵਨ ਅਤੇ ਉਪਦੇਸ਼ਾਂ ਸਬੰਧੀ ਇਕ ਵਿਸ਼ੇਸ਼ ਪ੍ਰੋਗਰਾਮ ਵੀ ਉਲੀਕਿਆ ਹੈ। ਇਸਦੇ ਉਦੇਸ਼ ਖਾਸ ਤੌਰ ’ਤੇ ਨੌਜਵਾਨ ਪੀੜ੍ਹੀ ਨੂੰ ਗੁਰੂ ਨਾਨਕ ਦੀਆਂ ਸਿੱਖਿਆਵਾਂ ਨਾਲ ਜੋੜਨਾ ਦੱਸਿਆ ਜਾ ਰਿਹਾ ਹੈ, ਜਿਸਨੂੰ ਸੂਬੇ ਭਰ ਵਿਚ ਵਿਖਾਇਆ ਜਾਵੇਗਾ। ਇਸ ਵਿਚ ਆਧੁਨਿਕ ਤਕਨੀਕ ਨਾਲ ਡਿਜ਼ੀਟਲ ਮਿਊਜ਼ੀਅਮ ਅਤੇ ਡਿਜ਼ੀਟਲ ਰੌਸ਼ਨੀ ਅਤੇ ਆਵਾਜ਼ ਪ੍ਰੋਗਰਾਮ ਤਿਆਰ ਕੀਤਾ ਗਿਆ ਹੈ। ਜਾਪਦਾ ਸੀ ਕਿ ਇਸ ਨਵੀਂ ਤਕਨੀਕ ਦੇ ਨਾਲ ਗੁਰੂ ਨਾਨਕ ਦੇ ਫ਼ਲਸਫ਼ੇ ਨੂੰ ਅਸਲ ਰੂਪ ਵਿਚ ਵੇਖਣ/ਸੁਣਨ ਦਾ ਮੌਕਾ ਮਿਲੇਗਾ ਅਤੇ ਆਉਣ ਵਾਲੀ ਪੀੜ੍ਹੀ ਜੋ ਵਿਗਿਆਨ ਅਤੇ ਕੰਪਿਊਟਰ ਦੀ ਦੀਵਾਨੀ ਹੈ, ਉਸਨੂੰ ਉਸਦੇ ਇਸ ਮਨਚਾਹੇ ਜ਼ਰੀਏ ਨਾਲ ਗੁਰੂ ਨਾਨਕ ਦੀ ਸੋਚ ਨਾਲ ਜੋੜਿਆ ਜਾ ਸਕੇਗਾ। ਇਸੇ ਸੋਚ ਅਧੀਨ ਮੁਹਾਲੀ ਵਿਖੇ ਪਹਿਲਾ ਹੀ ਸ਼ੋਅ ਵੇਖਣ ਦਾ ਸਬੱਬ ਬਣ ਗਿਆ। ਖੇਡ ਭਵਨ ਦੇ ਖੁੱਲ੍ਹੇ ਵਿਹੜੇ ਵਿਚ ਪੁਖਤਾ ਪ੍ਰਬੰਧ ਵੇਖ ਕੇ ਪ੍ਰਸੰਨਤਾ ਹੋਈ।

ਪਹਿਲਾਂ ਡਿਜ਼ੀਟਲ ਮਿਊਜ਼ੀਅਮ ਵੇਖਿਆ। ਸਾਹਮਣੇ ਦੀਵਾਰਾਂ ਤੇ ਲੱਗੇ ਵੱਖ-ਵੱਖ ਪਰਦਿਆਂ ਉਤੇ ਗੁਰੂ ਨਾਨਕ ਦੇ ਜੀਵਨ ਸਬੰਧੀ ਘਟਨਾਵਾਂ ਨੂੰ ਵੀਡੀਓ ਦੇ ਜ਼ਰੀਏ ਵਿਖਾਇਆ ਜਾ ਰਿਹਾ ਸੀ। ਵੀਡੀਓ ਸੁਣਨ ਲਈ ਕੰਨਾਂ ਉਤੇ ਉਪਕਰਨ ਲਗਾ ਕੇ ਜਿਸ ਪਰਦੇ ਦੇ ਸਾਹਮਣੇ ਖਲੋਂਦੇ ਸੀ, ਉਸਦਾ ਬਿਰਤਾਂਤ ਬਟਨ ਦਬਾਉਂਦਿਆਂ ਹੀ ਸੁਣਨਾ ਸ਼ੁਰੂ ਹੋ ਜਾਂਦਾ ਸੀ। ਇਕ ਕਮਰੇ ਵਿਚ ਹੋਰ ਚਾਰ ਕੁ ਮਿੰਟ ਦਾ ਪ੍ਰੋਗਰਾਮ ਸੀ। ਇਕ ਪਾਸੇ ਹੋਰ ਉਪਕਰਨ ਅੱਖਾਂ ਉਤੇ ਲਾ ਕੇ ਗੁਰੂ ਨਾਨਕ ਨਾਲ ਸਬੰਧਤ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆਂ ਦੇ ਦਰਸ਼ਨ ਕਰਵਾਏ ਜਾ ਰਹੇ ਸਨ। ਡਿਜ਼ੀਟਲ ਰੌਸ਼ਨੀ ਅਤੇ ਆਵਾਜ਼ ਪ੍ਰੋਗਰਾਮ 45 ਕੁ ਮਿੰਟ ਦਾ ਸੀ, ਜਿਸ ਵਿਚ ਗੁਰਦੁਆਰਾ ਨੁਮਾ ਵੱਡੇ ਪਰਦੇ ’ਤੇ ਰੌਸ਼ਨੀ ਸਿੱਟ ਕੇ ਗੁਰੂ ਨਾਨਕ ਨਾਲ ਸਬੰਧਤ ਜਨਮ ਸਾਖੀਆਂ ਦੀਆਂ ਘਟਨਾਵਾਂ ਵਿਖਾਈਆਂ ਗਈਆਂ ਅਤੇ ਨਾਲ ਦੀ ਨਾਲ ਵੇਰਵੇ ਦੱਸੇ ਜਾ ਰਹੇ ਸਨ। ਕੁੱਲ ਮਿਲਾ ਕੇ ਪ੍ਰੋਗਰਾਮ ਦੀ ਪੇਸ਼ਕਾਰੀ ਅਤੇ ਪ੍ਰਬੰਧ ਠੀਕ ਸਨ ਪਰ ਇਸ ਰਾਹੀਂ ਜੋ ਮਸਾਲਾ ਪਰੋਸਿਆ ਗਿਆ, ਉਹ ਗੁਰਬਾਣੀ ਦੀ ਕਸਵੱਟੀ ’ਤੇ ਪੂਰਾ ਉਤਰਨ ਵਾਲਾ ਨਹੀਂ ਸੀ। ਮੁੱਖ ਤੌਰ ਉਤੇ ਜਨਮ ਸਾਖੀ ਸਾਹਿਤ ਨੂੰ ਹੀ ਧੁਰਾ ਬਣਾਇਆ ਗਿਆ ਸੀ। ਅਫਸੋਸ ਹੋਇਆ ਕਿ ਅਸੀਂ ਸਾਢੇ ਪੰਜ ਸੌ ਸਾਲਾਂ ਬਾਅਦ ਵੀ ਜਨਮ ਸਾਖੀ ਸਾਹਿਤ ਅਤੇ ਗੁਰਮਤਿ ਸਾਹਿਤ ਨੂੰ ਨਿਖੇੜਨ ਜਾਂ ਤਾਲਮੇਲ ਕਰਨ ਦੇ ਸਮਰੱਥ ਨਹੀਂ ਬਣ ਸਕੇ। ਵਿਦਵਾਨਾਂ ਦੀਆਂ ਨਜ਼ਰਾਂ ਵਿਚ ਜਨਮ ਸਾਖੀ ਸਾਹਿਤ ਸਿੱਖੀ ਜਾਂ ਸਿੱਖੀ ਦਾ ਇਤਿਹਾਸ ਨਹੀਂ ਹੈ। ਇਸ ਵਿਚ ਬੜਾ ਕੁਝ ਗੁਰਮਤਿ ਦੀ ਭਾਵਨਾ ਦੇ ਉਲਟ ਵੀ ਹੈ। ਇਸਨੂੰ ਨਿਖੇੜ ਕੇ ਗੁਰਮਤਿ ਦੀ ਰੌਸ਼ਨੀ ਵਿਚ ਜੋ ਸਹੀ ਅਤੇ ਢੁਕਵਾਂ ਹੈ, ਉਹ ਹੀ ਵਿਖਾਇਆ ਜਾਂਦਾ ਤਾਂ ਬਹੁਤ ਸਾਰਥਕ ਹੋਣਾ ਸੀ।

ਜਨਮ ਸਾਖੀਆਂ ਵਿਚ ਵਿਖਾਇਆ ਗੁਰੂ ਨਾਨਕ ਦਾ ਵੇਈਂ ਨਦੀ ਵਿਚ ਚੁੱਭੀ ਮਾਰ ਕੇ ਤਿੰਨ ਦਿਨਾਂ ਬਾਅਦ ਬਾਹਰ ਨਿਕਲਣਾ; ਕੌਡੇ ਰਾਖਸ਼ ਦੇ ਤੇਲ ਦੇ ਕੜਾਹੇ ਹੇਠ ਲਟ ਲਟ ਬਲਦੀ ਅੱਗ ਅਤੇ ਉਬਲਦਾ ਤੇਲ ਗੁਰੂ ਨਾਨਕ ਦੇ ਕੜਾਹੇ ਵਿਚ ਬੈਠਦਿਆਂ ਹੀ ਠੰਢਾ ਹੋ ਜਾਣਾ ਅਤੇ ਲਾਟਾਂ ਛੱਡਦੀ ਅੱਗ ਦਾ ਬੁਝ ਜਾਣਾ; ਮੱਕੇ ਦਾ ਗੁਰੂ ਜੀ ਦੇ ਪੈਰਾਂ ਨਾਲ ਨਾਲ ਘੁੰਮੀ ਜਾਣਾ, ਰੋਟੀ ਵਿਚੋਂ ਦੁੱਧ ਅਤੇ ਪੂੜਿਆਂ ਵਿਚੋਂ ਖ਼ੂਨ ਵਹਾ ਦੇਣਾ ਆਦਿ ਵਿਖਾ ਕੇ ਗੁਰੂ ਨਾਨਕ ਦੀ ਮਹਾਨਤਾ ਵਿਚ ਵਾਧਾ ਨਹੀਂ ਹੁੰਦਾ, ਸਗੋਂ ਉਹਨਾਂ ਦੀ ਜੀਵਨ ਧਾਰਾ ਉਹਨਾਂ ਦੀ ਵਿਚਾਰਧਾਰਾ ਦੇ ਅਨੁਸਾਰ ਨਾ ਹੋਣ ’ਤੇ ਸਵਾਲੀਆ ਚਿੰਨ੍ਹ ਵੀ ਲੱਗਦਾ ਹੈ। ਗੁਰੂ ਨਾਨਕ ਇਕ ਪੂਰਨ ਤਰਕਸ਼ੀਲ ਅਤੇ ਵਿਗਿਆਨਕ ਸੋਚ ਦੇ ਮਾਲਕ ਸਨ, ਫਿਰ ਉਹ ਆਪ ਕਿਵੇਂ ਗੈਰ-ਵਿਗਿਆਨਕ ਤੇ ਗੈਰ-ਤਰਕਸ਼ੀਲ ਸੋਚ ਦਾ ਪ੍ਰਚਾਰ ਕਰ ਸਕਦੇ ਸਨ? ਮੌਕੇ ਤੇ ਪ੍ਰਬੰਧਕਾਂ ਨੇ ਸ਼ੋਅ ਬਾਰੇ ਮੇਰੇ ਵਿਚਾਰ ਜਾਣਨੇ ਚਾਹੇ ਤਾਂ ਮੈਂ ਭਰੇ ਮਨ ਨਾਲ ਰੋਸ ਜਤਾਉਂਦਿਆਂ ਆਖਿਆ ਕਿ ਸਭ ਕੁਝ ਹੁੰਦਿਆਂ ਹੋਇਆਂ ਵੀ ਅਸੀਂ ਸਿੱਖੀ ਨੂੰ ਜਨਮ ਸਾਖੀਆਂ ਦੇ ਘੇਰੇ ਵਿਚੋਂ ਕੱਢ ਕੇ ਉਸਦੇ ਅਸਲ ਰੂਪ ਦੇ ਦਰਸ਼ਨ ਨਹੀਂ ਕਰਵਾ ਸਕੇ। ਬੱਸ ਜਨਮ ਸਾਖੀਆਂ ਡਿਜ਼ੀਟਲ ਕਰਕੇ ਉਹਨਾਂ ਵਿਚ ਹੋਰ ਜਾਨ ਪਾ ਦਿੱਤੀ ਗਈ ਹੈ। ਹੁਣ ਗੁਰੂ ਨਾਨਕ ਦੇ 600ਵੇਂ ਜਨਮ ਦਿਵਸ ਤੱਕ ਇਹ ਅਸਰ ਬੜੇ ਆਰਾਮ ਨਾਲ ਬਣਿਆ ਰਹੇਗਾ।

550 ਸਾਲ ਬੀਤ ਜਾਣ ਬਾਅਦ ਵੀ ਜੇ ਅਸੀਂ ਹਾਲੇ ਤੱਕ ਗੁਰੂ ਨਾਨਕ ਦੀ ਮੁਢਲੀ ਵਿਚਾਰਧਾਰਾ ਤੋਂ ਹੀ ਵਾਕਫ਼ ਹੋਣ ਦੇ ਸਮਰੱਥ ਨਹੀਂ ਹੋ ਸਕੇ ਤਾਂ ਫਿਰ ਸਾਨੂੰ ਹੁਣ ਕੋਈ ਵੀ ਵਿੱਦਿਆ ਜਾਂ ਤਕਨੀਕ ਇਹ ਕੁਝ ਸਿਖਾ ਨਹੀਂ ਸਕੇਗੀ। ਸਿੱਖੀ ਦਾ ਘਰ ਹਾਲੇ ਕੋਹਾਂ ਦੂਰ ਹੈ। ਪਤਾ ਨਹੀਂ ਉਥੇ ਕਦੇ ਪਹੁੰਚਿਆ ਵੀ ਜਾ ਸਕੇਗਾ ਜਾਂ ਨਹੀਂ। ਬਾਬਾ ਜੀ ਮਾਫ ਕਰਿਓ!!

# ਭਾਸ਼ਾ ਦੀ ਜਿਉਣ ਸ਼ਕਤੀ ਹੀ ਕੌਮ ਅਤੇ ਧਰਮ ਦੀ ਹੋਂਦ!



ਦਲਵਿੰਦਰ ਸਿੰਘ ਘੁੰਮਣ
+33630073111

ਦੁਨੀਆਂ ਦੀਆਂ ਭਾਸ਼ਾਵਾਂ ਮਨੁੱਖੀ ਜਨਮ ਕਾਲ ਤੋ ਵੱਖ ਵੱਖ ਖਿੱਤੇਆਂ ਵਿੱਚ ਭਗੋਲਿਕ ਪ੍ਰਸਥਿਤੀਆਂ ਅਨੁਸਾਰ ਬੋਲੀਆਂ ਜਾਂਦੀਆਂ ਰਹੀਆਂ ਹਨ। ਜਿਉਂ ਇਨਸਾਨ ਨੇ ਜੀਵਨ ਪ੍ਰਵਾਸ, ਵਿਉਪਾਰ ਅਤੇ ਸਾਧਨਾਂ ਨੂੰ ਇਕ ਥਾਂ ਤੋ ਦੂਜੀ ਥਾਂ ਤੇ ਤਬਦੀਲ ਕੀਤਾ ਤਾਂ ਭਾਸ਼ਾ ਦਾ ਪਸਾਰਾ ਵਧਿਆ। ਇਕ ਭਾਸ਼ਾਈ ਸਾਂਝ ਪੈਦਾ ਹੋਣ ਲੱਗੀ। ਜਦੋਂ ਵੀ ਕਿਸੇ ਨਾਲ ਸਬੰਧ ਜਾਂ ਨੇੜਤਾ ਹੁੰਦੀ ਹੈ ਤਾਂ ਭਾਸ਼ਾ ਹੀ ਗਲਬਾਤ ਦਾ ਅਧਾਰ ਬਣਦੀ ਹੈ ਅਹਿਸਤਾ ਅਹਿਸਤਾ ਕਬੀਲਿਆਂ ਵਿੱਚ ਵੰਡਿਆ ਮਨੁੱਖ ਆਪਣੀਆ ਸਰਹੱਦਾਂ ਬੰਨਣ ਲੱਗਾ। ਜਿਸ ਵਿੱਚ ਧਰਮਾ, ਨਸਲਾਂ, ਬੋਲੀਆਂ, ਜਾਤਾਂ ਦੀ ਪੈਦਾਇਸ਼ ਹੋਈ। ਮਨੁੱਖ ਜਿਥੇ ਵੀ ਗਿਆ ਉਥੇ ਹੀ ਇਸ ਸਭ ਦੇ ਪਸਾਰ ਲਈ ਯਤਨਸ਼ੀਲ ਰਿਹਾ। ਭਾਂਵੇ ਕਿ ਉਸ ਨੂੰ ਲੜਾਈਆਂ, ਜੰਗਾਂ ਵੀ ਲੜਨੀਆਂ ਪਈਆਂ। ਭਾਵ ਭਾਸ਼ਾ ਦਾ ਮਰਨਾ, ਕੌਮ ਧਰਮ ਦੇ ਮਰਨ ਤੁੱਲ ਹੈ।

> ਅੱਜ ਦਾ ਭਾਰਤ ਬਹੁ ਭਾਂਤੀ, ਬਹੁ ਭਾਸ਼ੀ, ਬਹੁ ਧਰਮੀ, ਬਹੁ ਕੌਮੀ, ਬਹੁ ਨਸਲੀ, ਬਹੁ ਖੇਤਰੀ ਹੈ ਜਿਸ ਵਿੱਚ ਸੰਵਿਧਾਨਿਕ ਹੱਕਾਂ ਨਾਲ ਬਰਾਬਰਤਾ ਦੀ ਗੱਲ ਕਹੀ ਗਈ ਹੈ। ਜਿਆਦਾਤਰ ਕੌਮਾ ਦੇ ਧਰਮ ਅਤੇ ਬੋਲੀ ਦੇ ਆਧਾਰ ਹੀ ਵੰਡ ਦੇ ਕਾਰਨ ਹਨ। ਭਾਰਤੀ ਸੰਵਿਧਾਨ ਵਿੱਚ 22 ਭਾਸ਼ਾਵਾਂ ਨੂੰ ਲਿਆ ਗਿਆ ਹੈ ਜਾਂ ਕਿਹਾ ਜਾਵੇ ਕਿ 22 ਰਾਸ਼ਟਰਾਂ ਨੂੰ ਬੋਲੀ ਦਾ ਅਧਾਰ ਮੰਨਿਆ ਹੈ। ਜਿਸ ਕਰਕੇ ਪਾਰਲੀਮੈਂਟ ਲੋਕ ਸਭਾ ਅਤੇ ਰਾਜ ਸਭਾ ਵੀ ਬਹੁ ਭਾਸ਼ਾਈ ਹੈ। ਪੰਜਾਬੀ ਭਾਸ਼ਾ ਦੀ ਜਿਉਣ ਸ਼ਕਤੀ ਗੁਰੂਆਂ ਪੀਰਾਂ ਸੰਤਾਂ ਮਸੀਹਾਂ ਪੈਗੰਬਰਾ ਰਹਿਬਰਾਂ ਦੀ ਭਗਤੀ ਦੀ ਸ਼ਕਤੀ ਨਾਲ ਹੀ ਟੀਕਾਉ ਵਿੱਚ ਹੈ। ਨਹੀਂ ਤਾਂ ਜਦੋਂ ਜਦੋਂ ਵੀ ਸ਼ਾਸਕ ਤਬਦੀਲੀਆਂ ਹੋਈਆਂ ਤਾ ਸਹਿਜੇ ਹੀ ਭਾਸ਼ਾ ਦਾ ਆਧਾਰ ਖਤਮ ਹੋ ਸਕਦਾ ਸੀ। ਪੰਜਾਬੀ, ਗੁਰਮੁਖੀ ਭਾਸ਼ਾ ਸਿੱਖ ਧਰਮ ਦੇ ਜਨਮ ਨਾਲ ਮੰਨੀ ਗਈ ਹੈ। ਭਾਵੇ ਇਸ ਦੇ ਹੋਰ ਪੁਰਾਣੇ ਨੌਵੀਂ ਅਤੇ ਬਾਰਵੀਂ ਸਦੀ ਤੋ ਸੁਰੂ ਹੋਣ ਦੇ ਸਬੂਤ ਮਿਲਦੇ ਹਨ। ਗੁਰੂ ਨਾਨਕ ਦੇਵ ਜੀ ਦੇ ਸੁਰੂਆਤੀ ਸਫਰ ਨਾਲ ਹੀ ਗੁਰਮੁਖੀ ਭਾਸ਼ਾ ਦੀ ਪ੍ਰਫੁੱਲਤਾ ਸੁਰੂ ਹੋਈ। ਗੁਰੂ ਅੰਗਦ ਦੇਵ ਜੀ ਨੇ ਪੰਜਾਬੀ ਭਾਸ਼ਾ ਨੂੰ ਸੋਧ ਕੇ ਪੈਂਤੀ ਅੱਖਰੀ ਬਣਾਇਆ।

ਪੰਜਾਬੀ ਭਾਸ਼ਾ ਨੂੰ ਬੋਲਣ ਵਾਲੇ ਦੁਨੀਆਂ ਵਿੱਚ ਪੰਦਰਾਂ ਕਰੋੜ ਦੇ ਕਰੀਬ ਲੋਕ ਹਨ। ਜੋ ਵੱਖ ਵੱਖ ਖਿੱਤੇਆਂ ਅਤੇ ਦੇਸ਼ਾ ਵਿੱਚ ਬੋਲੀ ਜਾਂਦੀ ਹੈ। ਪਰ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਇਸ ਦੇ ਕੇਂਦਰ ਬਿੰਦੂ ਹਨ। ਕਨੇਡਾ, ਇੰਗਲੈਂਡ, ਅਮਰੀਕਾ, ਆਸਟ੍ਰੇਲੀਆ, ਨਿਉਜੀਲੈਂਡ, ਇਟਲੀ ਵਿੱਚ ਬਹੁਤਾਤ ਵਿਚ ਪੰਜਾਬੀ ਭਾਸ਼ਾ ਬੋਲੀ ਜਾਂਦੀ ਹੈ। ਕਈ ਵਿਦੇਸ਼ੀ ਦੇਸ਼ਾ ਵਿੱਚ ਤੀਜੇ, ਚੌਥੇ ਦਰਜੇ ਦੀ ਮਾਨਤਾ ਪ੍ਰਾਪਤ ਬੋਲੀ ਹੈ। ਵਿਦੇਸ਼ੀ ਸਰਕਾਰਾਂ ਵਲੋਂ ਪੰਜਾਬੀਅਤ ਨੂੰ ਵੱਡਾ ਮਾਣ, ਸਤਿਕਾਰ ਦਿੱਤਾ ਜਾ ਰਿਹਾ ਹੈ। ਭਾਰਤ ਵਿੱਚ ਇਸ ਵੇਲੇ ਧਰਮੀ, ਨਸਲੀ, ਭਾਸ਼ਾਈ ਨਫਰਤ ਸਿਖਰਲੇ ਡੰਡੇ ਉਪਰ ਹੈ। ਸਰਕਾਰਾਂ ਨਫਰਤ ਨੂੰ ਰੋਕਣ ਦੀ ਬਜਾਏ ਇਸ ਦਾ ਹਿੱਸਾ ਬਣੀਆਂ ਨਜ਼ਰ ਆਉਂਦੀਆਂ ਹਨ। ਜਾਂ ਕਹਿ ਲਿਆ ਜਾਵੇ ਕਿ ਸਰਕਾਰੀ ਤੰਤਰ ਦੁਆਰਾ ਹੀ ਨਫਰਤ ਫੈਲਾਈ ਜਾ ਰਹੀ ਹੈ। ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹਿੰਦੀ ਭਾਸ਼ਾ ਦੀ ਵਕਾਲਤ ਕਰਦਿਆਂ " ਇਕ ਰਾਸ਼ਟਰ ਇਕ ਦੇਸ਼ " ਦਾ ਫਾਰਮੂਲਾ ਵਰਤਣ ਦੀ ਕੋਸ਼ਿਸ ਕੀਤੀ ਗਈ। ਉਸੇ ਪਹਿਰ ਦੱਖਣੀ ਰਾਜਾਂ, ਖਾਸ ਕਰ ਤਾਮਿਲ ਵਿੱਚ ਲੋਕਾਂ, ਐਕਟਰਾਂ, ਕਲਾਕਾਰਾ ਵਲੋਂ ਭਾਰੀ ਵਿਰੋਧਤਾਂ ਕੀਤੀ ਗਈ। ਹੁਣ ਹਰ ਜਗ੍ਹਾ ਵਿਰੋਧ ਹੋ ਰਿਹਾ। ਗ੍ਰਹਿ ਮੰਤਰੀ ਵਲੋਂ ਵੀ ਆਪਣੇ ਬਿਆਨ ਤੇ ਸਪੱਸ਼ਟੀਕਰਨ ਦਿੱਤਾ ਜਾ ਰਿਹਾ।

1937 ਵਿੱਚ ਵੀ ਕਾਂਗਰਸ ਵਲੋਂ ਸਾਰੇ ਭਾਰਤ ਵਿੱਚ ਜਬਰੀ ਹਿੰਦੀ ਲਾਗੂ ਕਰਨ ਤੇ ਤਾਮਿਲਾਂ ਦੇ ਭਾਰੀ ਵਿਰੋਧ ਸਾਹਮਣੇ ਸਰਕਾਰ ਗੋਡਨੇ ਭਾਰ ਆ ਗਈ ਅਤੇ ਬਿਲ ਵਾਪਸ ਲੈਣਾ ਪਿਆ ਸੀ। ਕੁਝ ਕੁ ਚੋਣਵੇਂ ਕਲਾਕਾਰਾਂ ਤੋ ਇਲਾਵਾ ਪੰਜਾਬ ਵਿੱਚ ਕਿਸੇ ਵੀ ਪਾਰਟੀ ਜਾ ਲੀਡਰ, ਲਿਖਾਰੀ ਦੁਆਰਾ ਇਸ ਦਾ ਵਿਰੋਧ ਨਜ਼ਰ ਨਹੀਂ ਆਇਆ। ਸ਼ੋਸਲ ਮੀਡੀਆ ਪੰਜਾਬੀ ਭਾਸ਼ਾ ਦਾ ਸਹਾਰਾ ਬਣਿਆਂ ਨਜ਼ਰ ਆਉਂਦਾ ਹੈ। ਭਾਸ਼ਾ ਵਿਭਾਗ ਪੰਜਾਬ ਵਿੱਚ ਚਲ ਰਹੇ ਪੰਜਾਬੀ ਸਬੰਧੀ ਸੈਮੀਨਾਰ ਵਿੱਚ ਪੰਜਾਬੀ ਵਿਰੋਧੀ ਸੋਚ ਨੰਗੀ ਹੋਈ ਹੈ ਕਿਵੇ ਪੰਜਾਬੀ ਵਿਰੋਧੀਆਂ ਦੁਆਰਾ ਪੰਜਾਬੀ ਭਾਸ਼ਾ ਨੂੰ ਅਗਲੇ ਦੋ ਸਾਲਾਂ ਵਿੱਚ ਖਤਮ ਕਰਨ ਦੀ ਧਮਕੀ ਦਿੱਤੀ ਗਈ। ਜਿਸ ਦਾ ਲਿਖਾਰੀ ਤੇਜਵੰਤ ਸਿੰਘ ਮਾਨ ਨੇ ਭਾਰੀ ਵਿਰੋਧ ਕੀਤਾ। ਪਰ ਇਸ ਦੇ ਉਲਟ ਲੋਕ ਗਾਇਕ ਗੁਰਦਾਸ ਮਾਨ ਨੇ ਪੰਜਾਬੀ ਵਿਰੋਧੀ ਅਤੇ ਹਿੰਦੀ ਪੱਖੀ ਬਿਆਨ ਨਾਲ ਇਹ ਕਹਿਣ ਦੀ ਕੋਸ਼ਿਸ਼ ਕੀਤੀ ਗਈ ਕਿ ਸਾਰੀਆਂ ਭਾਸ਼ਾਵਾਂ ਵਿੱਚੋ ਸਬਦਾਂ ਦੇ ਸੁਮੇਲ ਦੀ ਇਕ ਭਾਸ਼ਾ ਹੋ ਜਾਵੇ ਤਾਂ ਕੋਈ ਹਰਜ ਨਹੀਂ। ਜਿਵੇਂ ਜਰਮਨ ਵਿੱਚ ਜਰਮਨੀ, ਫਰਾਂਸ ਵਿੱਚ ਫਰਾਂਸੀਸੀ ਭਾਸ਼ਾਵਾਂ ਬੋਲੀਆਂ ਜਾਦੀਆ ਹਨ। ਗੁਰਦਾਸ ਮਾਨ ਦਾ ਵਿਰੋਧ ਯਕੀਨਨ ਸੀ। ਇਹ ਇਕ ਤਰ੍ਹਾਂ ਨਾਲ ਇਹ ਕਹਿਣਾ ਕਿ ਬਾਗ ਵਿੱਚੋ ਸਾਰੇ ਫੁੱਲ ਪੁੱਟ ਦਿੱਤੇ ਜਾਣ, ਸਿਰਫ਼ ਇਕ ਤਰ੍ਹਾਂ ਦੇ ਫੁੱਲ ਨੂੰ ਹੀ ਰਖਿਆ ਜਾਵੇ। ਜਿਸ ਕਾਲਪਨਾ ਵੀ ਨਹੀਂ ਕੀਤੀ ਜਾ ਸਕਦੀ। ਕਿਉਂਕਿ ਖੇਤਰੀ ਭਾਸ਼ਾਵਾਂ ਦੇ ਹਿੰਦੀ ਭਾਸ਼ਾ ਤੋ ਵੀ ਪੁਰਾਣੇ ਇਤਿਹਾਸ ਹਨ। ਹਰ ਭਾਸ਼ਾ ਦਾ ਆਪਣਾ ਅਧਾਰ ਹੈ।

ਹਿੰਦੀ ਭਾਸ਼ਾ ਨੂੰ ਦੇਵਨਾਗਰੀ ਭਾਵ ਦੇਵਤਿਆਂ ਦੀ ਬੋਲੀ ਕਿਹਾ ਜਾਦਾ ਹੈ। ਜੋ ਭਾਰਤ ਦੇ ਕੇਂਦਰੀ ਰਾਜਾਂ ਵਿੱਚ ਹੀ ਬੋਲੀ ਜਾਂਦੀ ਹੈ ਭਾਵ ਅੱਧੇ ਭਾਰਤ ਵਿੱਚ ਕੇਵਲ ਖੇਤਰੀ ਭਾਸ਼ਾਵਾਂ ਦਾ ਹੀ ਬੋਲਬਾਲਾ ਹੈ। ਹਿੰਦੀ ਨਾਲੋ ਹੋਰ ਭਾਸ਼ਾਈ ਖੇਤਰ ਵੱਧ ਹਨ। ਪੰਜਾਬੀ ਦੇ ਭਗੋਲਿਕ ਅਧਾਰ ਹਨ ਅਤੇ ਬਹੁ ਧਰਮੀ ਲੋਕਾਂ ਦੀ ਸਾਂਝੀ ਬੋਲੀ ਹੈ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਗੁਰਮੁਖੀ ਵਿੱਚ ਦਰਜ ਹੈ। ਟੈਗੋਰ ਦੇ ਭਾਰਤੀ ਰਾਸ਼ਟਰੀ ਗੀਤ ਵਿੱਚ ਵੀ ਭਾਰਤੀ ਬੋਲੀਆਂ ਵਿੱਚੋ ਪੰਜਾਬੀ ਨੂੰ ਪਹਿਲੀ ਥਾਂ " ਪੰਜਾਬ ਸਿੰਧ ਗੁਜਰਾਤ ਮਰਾਠਾ " ਤੇ ਰੱਖਿਆ ਗਿਆ ਹੈ।

ਕਿਸੇ ਵੀ ਬੋਲੀ ਦਾ ਮਰਨਾ ਕੌਮ, ਰਾਸ਼ਟਰ, ਦੁਨੀਆਂ ਦੇ ਹਿੱਤ ਨਹੀ ਬਲਕਿ ਉਸ ਦੇ ਪਸਾਰ ਲਈ ਜਰੂਰੀ ਉਚਿੱਤ ਕਦਮ ਚੁੱਕਣੇ ਚਾਹੀਦੇ ਹਨ। ਅੰਗਰੇਜ਼ਾਂ ਵਲੋਂ ਵੀ ਭਾਰਤੀ ਖੇਤਰੀ ਭਾਸ਼ਾਵਾਂ ਨੂੰ ਧਾਰਮਿਕ ਰੰਗਤ ਦਿੰਦਿਆਂ ਪੰਜਾਬੀ ਨੂੰ ਸਿੱਖਾ ਦੀ, ਉਰਦੂ ਨੂੰ ਮੁਸਲਮਾਨਾਂ ਦੀ ਅਤੇ ਹਿੰਦੀ ਨੂੰ ਹਿੰਦੂਆਂ ਦੀ ਭਾਸ਼ਾ ਕਹਿ ਕੇ ਵੰਡੀਆਂ ਪਾਈਆਂ ਗਈਆਂ ਅਤੇ ਪਾੜੋ ਤੇ ਰਾਜ ਕਰੋ ਦੀ ਰਾਜਨੀਤੀ ਲਾਗੂ ਕੀਤੀ ਸੀ। ਅੱਜ ਵੀ ਇਹੋ ਜਿਹਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਗਾਇਕ, ਕਲਾਕਾਰ ਪੰਜਾਬੀ ਦੀ ਸੇਵਾ ਦੇ ਨਾਂ ਹੇਠ ਅਨੇਕਾਂ ਤਰ੍ਹਾਂ ਨਾਲ ਪੰਜਾਬ, ਪੰਜਾਬੀ, ਪੰਜਾਬੀਅਤ ਤੋ ਲੱਖਾ ਰੁਪਏ ਕਮਾ ਕੇ ਘਾਣ ਵੀ ਕਰਦੇ ਨਜ਼ਰ ਆਉਂਦੇ ਹਨ।

ਬਹੁਤ ਘੱਟ ਕਲਾਕਾਰ, ਲਿਖਾਰੀ ਹਨ ਜੋ ਅਸਲ ਵਿੱਚ ਪੰਜਾਬੀ ਹਿਤੈਸ਼ੀ ਹਨ। ਜੋ ਚੰਗਾ ਗਾਉਂਦੇ ਅਤੇ ਲਿਖਦੇ ਹੋਏ ਨਰੋਏ ਸਮਾਜ ਦੀ ਸਿਰਜਣਾ ਕਰਦੇ ਹਨ। ਗੁਰਦਾਸ ਮਾਨ ਅਤੇ ਹੰਸ ਰਾਜ ਹੰਸ ਜਿਹੇ ਗਾਇਕਾ ਨੇ ਨੌਜਵਾਨੀ ਵਿੱਚ ਸੂਲਫੇ, ਸਿਗਰਟਾਂ, ਭੰਗੀ, ਅਫੀਮਚੀ, ਮਸਤੀ, ਫਕੀਰੀ ਮਗਰ ਲਾ ਕੇ ਆਪ ਪੈਸਿਆਂ ਦੇ ਬੋਰੇ ਭਰਦੇ ਰਹੇ ਹਨ। ਪਰ ਨੌਜਵਾਨੀ ਨਸ਼ੇਆਂ ਨਾਲ ਸੜਕਾਂ ਉਪਰ ਲਿਟਦੀ ਨਜ਼ਰ ਆ ਰਹੀ ਹੈ। ਗੈਂਗਸਟਰ ਕਲਚਰ ਉਭਾਰ ਵਿੱਚ ਆਇਆ। ਅਜੇ ਕੁਝ ਦਿਨ ਪਹਿਲਾਂ ਹੀ ਗਾਇਕ ਮੂਸੇ ਵਾਲਾ ਨੇ ਇਕ ਗੀਤ ਵਿੱਚ ਸਿੱਖ ਕੌਮ ਦੀ ਮਹਾਨ ਸਖਸ਼ੀਅਤ ਮਾਤਾ ਭਾਗ ਕੌਰ ਦੇ ਪ੍ਰਤੀ ਮੰਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਸੀ। ਜਿਸ ਨੂੰ ਮੁਆਫ਼ੀ ਯੋਗ ਨਹੀਂ ਕਿਹਾ ਜਾ ਸਕਦਾ। ਕਿਉਂਕਿ ਮਾਰਕੀਟਿੰਗ ਲਈ ਧਾਰਮਿਕ ਜ਼ਜਬਾਤਾ ਨਾਲ ਖੇਡਿਆ ਜਾਂਦਾ ਹੈ। ਸਿੱਖ ਸੰਘਰਸ਼ ਦੌਰਾਨ ਗਾਇਕ ਅਮਰ ਸਿੰਘ ਚਮਕੀਲਾ ਅਤੇ ਉਸ ਦੀ ਸਾਥਨ ਨੇ ਪੰਜਾਬ ਦੇ ਪਰਿਵਾਰਕ ਰਿਸ਼ਤਿਆਂ ਨੂੰ ਗਲਤ ਰੰਗਤ ਦੇ ਕੇ ਮਾੜੇ ਕਲਚਰ ਨੂੰ ਉਤਸ਼ਾਹਿਤ ਕੀਤਾ। ਜਿਸ ਕਰਕੇ ਉਸ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ। ਗਾਇਕ ਨਛੱਤਰ ਗਿੱਲ ਤੇ ਇਕ ਲੜਕੀ ਨੂੰ ਮਾਡਲ ਬਣਾ ਦੇਣ ਦੇ ਲਾਰੇ ਲਾ ਕੇ ਉਸ ਨਾਲ ਸਰੀਰਕ ਸਬੰਧ ਬਣਾਉਂਦਾ ਦੇ ਇਲਜਾਮ ਲਗਦੇ ਰਹੇ ਹਨ। ਐਲੀ ਮਾਂਗਟ, ਰੰਧਾਵਾ ਭਰਾ ਆਦਿ ਗਾਇਕਾਂ ਨੇ ਨੌਜਵਾਨਾਂ ਨੂੰ ਆਪਣੀ ਲੜਾਈ, ਹਿਮਾਇਤ ਲਈ ਇਕ ਦੂਜੇ ਦੇ ਸਾਹਮਣੇ ਖੜ੍ਹਾ ਕਰ ਦਿੱਤਾ ਹੈ ਬਦਮਾਸ਼ੀ ਕਲਚਰ ਨੂੰ ਗਾਉਦੇ ਗਾਉਂਦੇ ਖੁਦ ਇਹੀ ਕੁੱਝ ਕਰਨ ਲੱਗੇ ਹਨ। ਆਏ ਦਿਨ ਮੈਰਿਜ ਪੈਲੇਸਾ ਵਿੱਚ ਮਾੜਾ, ਹਿੰਸਕ ਕਲਚਰ ਨੂੰ ਪੇਸ਼ ਕਰਕੇ ਬੰਦੂਕਾਂ ਨਾਲ ਬੇਕਸੂਰੇ ਲੋਕ ਮਾਰੇ ਜਾ ਰਹੇ ਹਨ। ਜਿਥੇ ਪੰਜਾਬੀ ਗਾਇਕੀ ਆਪਣੇ ਫਰਜ਼ਾਂ ਤੋ ਅਸਵੇਲੀ ਹੋਈ ਹੈ। ਉਥੇ ਪੰਜਾਬੀ ਵਿਦਵਾਨਾਂ, ਲਿਖਾਰੀਆਂ, ਫਿਲਮੀ ਲੋਕਾਂ ਨੇ ਪੰਜਾਬੀ ਦੇ ਹੱਕ ਵਿੱਚ ਬਣਦਾ, ਹਾਅ ਦਾ ਨਾਹਰਾ ਨਹੀ ਮਾਰਿਆ। ਪੈਸੇ ਦੀ ਦੌੜ ਵਿੱਚ ਆਪਣੇ ਭਵਿੱਖ ਨੂੰ ਮੁੱਖ ਰੱਖਿਆ ਜਾ ਰਿਹਾ। ਸਰਕਾਰਾਂ ਦੀ ਬੇਰੁਖ਼ੀ ਨੇ ਜੁਬਾਨ ਦੇ ਲਾਜ਼ਮੀ ਹੋਣ ਦੇ ਬਾਵਜੂਦ ਇਸ ਨੂੰ ਲਾਗੂ ਨਾ ਕਰਨ ਦੀ ਕੋਈ ਸ਼ਜਾ ਮੁਕੱਰਰ ਨਹੀਂ ਕੀਤੀ। ਪੰਜਾਬੀ ਲੋਕ ਪਿਆਰ ਦੀ ਕਦਰ ਕਰਦੇ ਹਨ। ਅਣਖ, ਗੈਰਤ ਨਾਲ ਜਿਉਣਾ ਇਹਨਾਂ ਦਾ ਇਤਿਹਾਸ ਹੈ।

ਪੰਜਾਬੀ ਭਾਸ਼ਾ ਨੇ ਪੰਜਾਬੀਆਂ ਵਿੱਚ ਆਪਣੀ ਹੋਂਦ ਨੂੰ ਕਦੇ ਮਰਨ ਨਹੀ ਦਿੱਤਾ। ਪੰਜਾਬੀ ਨੂੰ ਜਿਉਦੇ ਰੱਖਣ ਲਈ ਚੇਤੰਨ ਹੋਣਾ ਜਰੂਰੀ। ਅਸਵੇਲਤਾ ਆਈ ਤਾਂ ਇਸ ਤੋ ਬਿਨਾਂ ਅਸੀ ਆਪਣੇ ਇਤਿਹਾਸ ਨਾਲੋ ਕੱਟੇ ਜਾਵਾਗੇ।

### ਭਾਖੜਾ ਡੈਮ ਦੇ ਸਥਾਪਨਾ ਦਿਵਸ ਸਬੰਧੀ ਵਿਸ਼ੇਸ਼

# ਅੱਜ ਦੇ ਦਿਨ ਹੀ 22 ਅਕਤੂਬਰ 1963 ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ ਸੀ



ਕੁਲਦੀਪ ਚੰਦ
91-9417563054

ਸਾਡੇ ਦੇਸ਼ ਦਾ ਗੌਰਵ ਮੰਨੇ ਜਾਂਦੇ ਅਤੇ ਉਤਰੀ ਭਾਰਤ ਦੇ ਵਿਕਾਸ ਦੀ ਰੀੜ੍ਹ ਦੀ ਹੱਡੀ ਸਮਝੇ ਜਾਂਦੇ ਭਾਖੜਾ ਬੰਨ ਨੂੰ ਅੱਜ 56 ਸਾਲ ਪੂਰੇ ਹੋ ਰਹੇ ਹਨ। ਇਹ ਭਾਰਤ ਦਾ ਇੱਕ ਪ੍ਰਭਾਵਸ਼ਾਲੀ ਅਤੇ ਬਹੁਤ ਵੱਡਾ ਡੈਮ ਹੈ ਜੋ ਸਿੰਚਾਈ ਲਈ ਪਾਣੀ, ਉਦਯੋਗਾਂ ਨੂੰ ਚਲਾਉਣ ਲਈ ਬਿਜਲੀ, ਸ਼ਹਿਰਾਂ ਦਾ ਬਿਜਲੀਕਰਨ, ਪਿੰਡਾਂ ਵਿੱਚ ਬਿਜਲੀ ਅਤੇ ਟਿਊਬਵੈੱਲਾਂ ਨੂੰ ਚਲਾਉਣ ਲਈ ਊਰਜਾ ਪ੍ਰਦਾਨ ਕਰਦਾ ਹੈ। ਇਸ ਪ੍ਰੋਜੈਕਟ ਨੂੰ ਬਣਾਉਣ ਦਾ ਖਿਆਲ ਬੇਸ਼ੱਕ ਅਜ਼ਾਦੀ ਤੋਂ ਪਹਿਲਾਂ ਹੀ ਆਇਆ ਸੀ ਪਰੰਤੂ ਇਸ ਪ੍ਰੋਜੈਕਟ ਦਾ ਨਿਰਮਾਣ ਅਜ਼ਾਦੀ ਤੋਂ ਬਾਦ ਹੀ ਸ਼ੁਰੂ ਹੋਇਆ ਸੀ। ਮੌਜੂਦਾ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜਿਲ੍ਹੇ ਵਿੱਚ ਸਥਿਤ ਭਾਖੜ੍ਹਾ ਡੈਮ ਪ੍ਰੋਜੈਕਟ ਨੂੰ ਬਣਾਉਣ ਦਾ ਵਿਚਾਰ ਸਭਤੋਂ ਪਹਿਲਾਂ ਸਰ ਲੂਈਸ ਡੈਨੇ ਦੁਆਰਾ 8 ਨਵੰਬਰ, 1908 ਨੂੰ ਦਿਤਾ ਗਿਆ ਸੀ ਅਤੇ ਇਸ ਸਬੰਧੀ ਵਿਸਥਾਰ ਰਿਪੋਰਟ ਮਾਰਚ 1919 ਵਿੱਚ ਪੇਸ਼ ਕੀਤੀ ਗਈ। 1920 ਤੋਂ ਲੈਕੇ 1938 ਤੱਕ ਇਸ ਸਬੰਧੀ ਵੱਖ ਵੱਖ ਤਰਾਂ ਦੇ ਸਰਵੇਖਣ ਹੋਏ ਅਤੇ 1939 ਤੋਂ 1942 ਤੱਕ ਇਸ ਪ੍ਰੋਜੈਕਟ ਸਬੰਧੀ ਰਿਪੋਰਟਾਂ ਤਿਆਰ ਕੀਤੀਆਂ ਗਈਆਂ। ਸ਼ੁਰੂਆਤ ਵਿੱਚ ਇਸ ਪ੍ਰੋਜੈਕਟ ਦਾ ਉਦੇਸ਼ ਸਿਰਫ ਸਿੰਚਾਈ ਲਈ ਪਾਣੀ ਇਕੱਠਾ ਕਰਨਾ ਹੀ ਸੀ ਅਤੇ ਇਸ ਪ੍ਰੋਜੈਕਟ ਵਿੱਚ ਭਾਖੜਾ ਬੰਨ, ਅਪਰ ਸਰਹਿੰਦ ਨਹਿਰ, ਹੇਠਲੀ ਸਰਹਿੰਦ ਨਹਿਰ ਅਤੇ ਪੱਛਮੀ ਯਮੁਨਾ ਨਹਿਰ ਦਾ ਵਿਸਥਾਰ ਸ਼ਾਮਿਲ ਸਨ। ਉਸ ਵੇਲੇ ਪ੍ਰਸਤਾਵਿਤ ਭਾਖੜਾ ਬੰਨ ਦੀ ਉਚਾਈ 395 ਫੁੱਟ ਹੋਣੀ ਸੀ ਅਤੇ ਵੱਧ ਤੋਂ ਵੱਧ 2.58 ਮਿਲੀਅਨ ਏਕੜ ਫੁੱਟ ਪਾਣੀ ਭੰਡਾਰਨ ਦੀ ਵਿਵਸਥਾ ਹੋਣੀ ਸੀ। 1944 ਵਿੱਚ ਡਾਕਟਰ ਜੇ. ਐਲ. ਸੈਵੇਜ ਜੋ ਅਮਰੀਕਾ ਦੀ ਬਿਊਰੋ ਫਾਰ ਰੈਕਲੇਮੇਸ਼ਨ ਦਾ ਚੀਫ਼ ਇੰਜੀਨੀਅਰ ਸੀ ਨੇ 1600 ਫੁੱਟ ਉਚਾਈ ਤੱਕ ਪਾਣੀ ਭੰਡਾਰਣ ਦੀ ਸਮੱਰਥਾ ਵਾਲਾ ਡੈਮ ਬਣਾਉਣ ਦਾ ਸੁਝਾਅ ਦਿਤਾ। ਯੂ.ਐਸ.ਏ. ਦੀ ਅੰਤਰਰਾਸ਼ਟਰੀ ਡੈਨਵਰ ਨਾਂਅ ਦੀ ਕੰਪਨੀ ਨੇ ਇਹ ਉਚਾਈ 1580 ਫੁੱਟ ਰੱਖਣ ਦੀ ਤਜਵੀਜ਼ ਰੱਖੀ ਜਿਸਦਾ ਮੁੱਖ ਕਾਰਨ ਇਹ ਸੀ ਕਿ ਉਚਾਈ ਵਧਾਉਣ ਕਾਰਨ ਰਾਜਾ ਬਿਲਾਸਪੁਰ ਦੇ ਮਹਿਲ ਅਤੇ ਕੁਝ ਮੰਦਿਰ ਡੈਮ ਦੀ ਝੀਲ ਵਿੱਚ ਡੁਬਦੇ ਸਨ ਅਤੇ ਰਾਜਾ ਬਿਲਾਸਪੁਰ ਨੇ ਇਸ ਸਬੰਧੀ ਇਤਰਾਜ਼ ਕੀਤਾ ਸੀ। ਆਜ਼ਾਦੀ ਤੋਂ ਬਾਦ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਇਸ ਮਾਮਲੇ ਵਿੱਚ ਨਿੱਜੀ ਤੌਰ ਤੇ ਦਖਲ ਦੇਣ ਤੋਂ ਬਾਦ ਬਿਲਾਸਪੁਰ ਦੇ ਰਾਜਾ ਨੇ ਆਪਣੇ ਇਤਰਾਜ਼ਾਂ ਨੂੰ ਵਾਪਸ ਲੈ ਲਿਆ ਅਤੇ ਡੈਮ ਦੇ ਪਾਣੀ ਦਾ ਵੱਧ ਤੋਂ ਵੱਧ ਪੱਧਰ 1680 ਫੁੱਟ ਤੱਕ ਰੱਖਿਆ ਗਿਆ। 1948 ਤੋਂ 1951 ਦੌਰਾਨ ਇਸ ਪ੍ਰੋਜੈਕਟ ਨੂੰ ਪਾਸ ਕੀਤਾ ਗਿਆ। ਪੰਜਾਬ ਦੇ ਲੋਕ ਨਿਰਮਾਣ ਵਿਭਾਗ ਦੀ ਸਿੰਚਾਈ ਸ਼ਾਖਾ ਅਤੇ ਅੰਤਰ-ਰਾਸ਼ਟਰੀ ਕੰਪਨੀ ਆਈ ਐਨ ਸੀ ਯੂ ਐਸ ਏ ਵਿੱਚ 14 ਨਵੰਬਰ, 1948 ਨੂੰ ਹੋਏ ਸਮਝੋਤੇ ਅਨੁਸਾਰ ਇਸ ਪ੍ਰੋਜੈਕਟ ਸਬੰਧੀ ਦਸਤਾਵੇਜ਼ ਅਤੇ ਡਿਜਾਇਨ ਸਮੇਤ ਦਿਸ਼ਾ ਨਿਰਦੇਸ਼ ਕੰਪਨੀ ਨੂੰ ਸੋਂਪੇ ਗਏ। ਅਪ੍ਰੈਲ 1952 ਵਿੱਚ ਐਮ ਹਾਰਵੇ ਸਲੋਕਮ ਅਮਰੀਕਾ ਤੋਂ ਅਪਣੇ ਤਕਨੀਕੀ ਮਾਹਿਰਾਂ ਅਤੇ ਇੰਜਨੀਅਰਾਂ ਦੀ ਟੀਮ ਨਾਲ ਆਏ ਅਤੇ ਇਸ ਪ੍ਰੋਜੈਕਟ ਦਾ ਕੰਮ ਸ਼ੁਰੂ ਕਰਵਾਇਆ। ਇਸ ਪ੍ਰੋਜੈਕਟ ਦੇ ਨਿਰਿਖਣ ਅਤੇ ਪ੍ਰਗਤੀ ਸਬੰਧੀ ਭਾਖੜਾ ਨਿਯੰਤਰਣ ਬੋਰਡ ਦਾ ਗਠਨ ਕੀਤਾ ਗਿਆ ਜਿਸ ਵਿੱਚ ਕੇਂਦਰ ਸਰਕਾਰ, ਪੰਜਾਬ ਸਰਕਾਰ, ਰਾਜਸਥਾਨ ਅਤੇ ਪੈਪਸੂ ਦੇ ਪ੍ਰਤੀਨਿਧੀ ਸ਼ਾਮਿਲ ਸਨ। ਇਸ ਵਿੱਚ ਪੰਜਾਬ ਦੇ ਰਾਜਪਾਲ ਨੂੰ ਕਮੇਟੀ ਦਾ ਚੇਅਰਮੈਨ, ਭਾਰਤ ਸਰਕਾਰ ਦੇ ਵਿੱਤ ਮੰਤਰਾਲਿਆ ਦੇ ਸਕੱਤਰ ਨੂੰ ਉਪੱ ਚੇਅਰਮੈਨ, ਕੇਂਦਰੀ ਜਲ ਅਤੇ ਊਰਜਾ ਆਯੋਗ ਭਾਰਤ ਸਰਕਾਰ ਦੇ ਚੇਅਰਮੈਨ ਨੂੰ ਮੈਂਬਰ, ਵੱਖ ਵੱਖ ਰਾਜ ਸਰਕਾਰਾਂ ਦੇ ਸਿੰਚਾਈ ਵਿਭਾਗ ਦੇ ਸਕੱਤਰਾਂ ਅਤੇ ਊਰਜਾ ਵਿਭਾਗ ਦੇ ਇੰਚਾਰਜਾਂ ਨੂੰ ਵਿੱਤੀ ਮੈਂਬਰ, ਭਾਖੜਾ ਡੈਮ ਦੇ ਨਿਰਮਾਣ ਵਿੱਚ ਲੱਗੇ ਹੋਏ ਸਾਰੇ ਮੁੱਖ ਇੰਜਨੀਅਰਾਂ ਨੂੰ ਮੈਂਬਰ ਅਤੇ ਸੰਯੁਕਤ ਸਕੱਤਰ ਵਿੱਤ ਮੰਤਰਾਲਿਆ ਭਾਰਤ ਸਰਕਾਰ ਨੂੰ ਮੈਂਬਰ ਬਣਾਇਆ ਗਿਆ ਸੀ। 1952 ਵਿੱਚ ਡਾਕਟਰ ਏ ਐਨ ਖੋਸਲਾ ਦੀ ਚੇਅਰਮੈਨਸ਼ਿਪ ਅਧੀਨ ਬੋਰਡ ਆਫ ਕਾਂਸਿਉਲੇਟਸ ਦੀ ਸਥਾਪਨਾ ਵੀ ਕੀਤੀ ਗਈ। 18 ਨਵੰਬਰ, 1955 ਨੂੰ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਕੰਕਰੀਟ ਦੀ ਪਹਿਲੀ ਟੋਕਰੀ ਪਾਕੇ ਪ੍ਰੋਜੈਕਟ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕੀਤੀ। ਇਸ ਪ੍ਰੋਜੈਕਟ ਦੇ ਨਿਰਮਾਣ ਵਿੱਚ ਮੁੱਖ ਤੋਰ ਤੇ ਭਾਖੜ੍ਹਾ ਬੰਨ ਅਤੇ ਊਰਜਾ ਸੰਚਾਲਣ ਯੰਤਰ, ਨੰਗਲ ਬੰਨ, ਨੰਗਲ ਹਾਇਡਲ ਚੈਨਲ, ਗੰਗੂਵਾਲ ਅਤੇ ਕੋਟਲਾ ਪਾਵਰ ਹਾਊਸਿਜ਼, ਰੋਪੜ੍ਹ ਹੈਡ ਵਰਕਸ ਦਾ ਪੁਨਰ-ਨਿਰਮਾਣ, ਸਰਹੰਦ ਨਹਿਰ ਦਾ ਪੁਨਰ- ਨਿਰਮਾਣ, ਭਾਖੜ੍ਹਾ ਨਹਿਰ, ਬਿਸਤ-ਦੋਆਬ ਨਹਿਰ, ਬਿਜਲੀ ਦੀ ਪੈਦਾਵਰ ਅਤੇ ਵਿਤਰਣ ਪ੍ਰਣਾਲੀ, ਭਾਖੜ੍ਹਾ ਖੇਤਰ ਦੀ ਮਾਰਕੀਟ ਅਤੇ ਸੰਚਾਰ ਦਾ ਵਿਕਾਸ ਆਦਿ ਯੂਨਿਟ ਸ਼ਾਮਲ ਸਨ। ਭਾਖੜਾ ਬੰਨ ਦੀ ਉਚਾਈ ਦਿੱਲੀ ਵਿੱਚ ਸਥਿਤ ਕੁਤਬ ਮੀਨਾਰ ਦੀ ਉਚਾਈ ਤੋਂ ਵੀ 3 ਗੁਣਾ ਵੱਧ ਹੈ। ਇਸ ਡੈਮ ਦੀ ਉਸਾਰੀ ਲਈ ਵੱਖ ਵੱਖ ਤਰਾਂ ਦੀ ਮਸ਼ੀਨਰੀ ਤੋਂ ਇਲਾਵਾ ਲੱਗਭੱਗ 13000 ਕਾਮੇ, 300 ਇੰਜੀਨੀਅਰ, 30 ਅਮਰੀਕਨ ਮਾਹਿਰ ਲਗਾਏ ਗਏ ਜਿਨ੍ਹਾਂ ਨੇ ਦਿਨ-ਰਾਤ ਕੰਮ ਕੀਤਾ। ਭਾਖੜਾ ਬੰਨ ਦੇ ਨਿਰਮਾਣ ਵਿੱਚ ਵਰਤੀ ਗਈ ਸੀਮਿੰਟ, ਕੰਕਰੀਟ ਦੀ ਮਾਤਰਾ ਧਰਤੀ ਦੇ ਭੂ-ਮੱਧ ਰੇਖਾ ਤੇ 2.44 ਮੀਟਰ ਚੋੜੀ ਸੜਕ ਬਣਾਉਣ ਵਿੱਚ ਸਮਰੱਥ ਸੀ। ਇਸਦੇ ਨਿਰਮਾਣ ਵਿੱਚ ਕੁੱਲ ਇੱਕ ਲੱਖ ਟਨ ਸਰੀਏ ਦਾ ਇਸਤੇਮਾਲ ਕੀਤਾ ਗਿਆ ਸੀ। ਉਸ ਵੇਲੇ ਦੇ ਇੰਜਨੀਅਰਾਂ ਦੀ ਤਕਨੀਕ ਦਾ ਹੀ ਕਮਾਲ ਹੈ ਕਿ ਪਾਣੀ ਦਾ ਪੱਧਰ 1680 ਫੁੱਟ ਪਹੁੰਚਣ ਤੇ ਭਾਖੜਾ ਬੰਨ 2 ਇੰਚ ਤੱਕ ਝੁਕਣ ਦੀ ਸਮਰੱਥਾ ਰੱਖਦਾ ਹੈ ਅਤੇ ਪਾਣੀ ਦਾ ਪੱਧਰ ਘੱਟਣ ਤੋਂ ਬਾਅਦ ਡੈਮ ਆਪਣੀ ਪਹਿਲਾਂ ਵਾਲੀ ਸਥਿਤੀ ਵਿੱਚ ਆ ਜਾਂਦਾ ਹੈ। ਸਾਬਕਾ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਇਸ ਪ੍ਰੋਜੈਕਟ ਦੇ ਨਿਰਮਾਣ ਦੌਰਾਨ 10 ਵਾਰ ਦੌਰਾ ਕੀਤਾ। ਵਰਣਨਯੋਗ ਹੈ ਕਿ ਉਨ੍ਹਾਂ ਨੇ ਇਸ ਪਰਿਯੋਜਨਾ ਦੀ ਸਾਈਟ ਤੇ ਹੀ ਪੰਚਸ਼ੀਲ ਸਮਝੌਤੇ ਤੇ ਚੀਨ ਦੇ ਪ੍ਰਧਾਨਮੰਤਰੀ ਚਾਓ ਇਨ ਲਾਈ ਦੇ ਨਾਲ ਗੱਲਬਾਤ ਕੀਤੀ ਸੀ। ਇਸ ਪ੍ਰੋਜੈਕਟ ਦਾ ਦੇਸ਼ ਦੇ ਮਹਿਮਾਨਾਂ ਤੋਂ ਇਲਾਵਾ ਬਹੁਤ ਸਾਰੇ ਵਿਦੇਸ਼ੀ ਮਹਿਮਾਨਾਂ ਜਿਵੇਂ ਕਿ ਮਿਸਰ ਦੇ ਰਾਸ਼ਟਰਪਤੀ ਕਰਨਲ ਨਾਸਰ, ਯੂਗੋਸਲਾਵੀਆ ਦੇ ਰਾਸ਼ਟਰਪਤੀ ਜੋਸਫ਼ ਟੀਟੋ, ਚੀਨ ਦੇ ਪ੍ਰਧਾਨ ਮੰਤਰੀ ਚੂਇਨ ਲਾਈ, ਉੱਤਰੀ ਵੀਅਤਨਾਮ ਦੇ ਰਾਸ਼ਟਰਪਤੀ ਹੋਚੀ ਮਿਨ, ਕਲੈਮੈਂਟ ਐਟਲੀ, ਇੰਗਲੈਂਡ ਦੇ ਪ੍ਰਧਾਨ ਮੰਤਰੀ, ਸੋਵੀਅਤ ਰੂਸ ਦੇ ਪ੍ਰਧਾਨ ਮੰਤਰੀ ਖੁਰਸ਼ਚੇਵ, ਸੋਵੀਅਤ ਰੂਸ ਦੇ ਪ੍ਰਿੰਸ ਫਿਲਪ ਡਯੂਕ ਆਫ਼ ਐਡਨਸਰਾ, ਬੋਧ ਗੁਰੂ ਦਲਾਈਲਾਮਾ, ਪੰਚਨਲਾਮਾ, ਈਰਾਨ ਦੇ ਬਾਦਸ਼ਾਹ ਰਜ਼ਾ ਸ਼ਾਹ ਪਹਿਲਵੀ ਆਦਿ ਕਈ ਮਹਾਨ ਵਿਅਕਤੀ ਇਸ ਡੈਮ ਦਾ ਦੌਰਾ ਕਰ ਚੁੱਕੇ ਹਨ। ਭਾਖੜਾ ਬੰਨ ਦੇ ਪਿੱਛੇ ਬਣੀ ਝੀਲ ਦਾ ਨਾਮ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਹੀ ਗੋਬਿੰਦ ਸਾਗਰ ਝੀਲ ਰੱਖਿਆ ਗਿਆ ਹੈ। ਇਹ ਝੀਲ 96.56 ਕਿਲੀਮੀਟਰ ਲੰਬੀ ਹੈ ਅਤੇ 168.35 ਵਰਗ ਕਿਲੋਮੀਟਰ ਖੇਤਰ ਵਿੱਚ ਫੈਲੀ ਹੋਈ ਹੈ। ਬੰਨ ਤੱਕ ਸਤਲੁਜ ਦਰਿਆ ਦਾ ਕੁੱਲ ਕੈਚਮੈਂਟ ਏਰੀਆਂ 56980 ਵਰਗ ਕਿਲੋਮੀਟਰ ਹੈ ਜਿਸ ਵਿੱਚ 37050 ਵਰਗ ਕਿਲੋਮੀਟਰ ਖੇਤਰ ਤਿੱਬਤ ਅਤੇ ਬਾਕੀ 19930 ਵਰਗ ਕਿਲੋਮੀਟਰ ਭਾਰਤ ਵਿੱਚ ਹੈ। ਗਰਮੀਆਂ ਦੇ ਮੌਸਮ ਵਿੱਚ ਮਾਨ ਸਰੋਵਰ ਝੀਲ ਅਤੇ ਰਸਤੇ ਦੀ ਬਰਫ ਦਾ ਪਿਘਲਿਆ ਹੋਇਆ ਪਾਣੀ ਅਤੇ ਬਾਰਿਸ਼ ਦੀ ਰੁੱਤ ਵਿੱਚ ਕੈਚਮੈਂਟ ਏਰੀਆਂ ਤੋਂ ਆਉਣ ਵਾਲਾ ਵਰਖਾ ਦਾ ਪਾਣੀ ਬੰਨ ਵਿੱਚ ਇਕੱਠਾ ਕੀਤਾ ਜਾਂਦਾ ਹੈ। ਇਸ ਬੰਨ ਵਿੱਚ 50 ਤੋਂ 60 ਫੀਸਦੀ ਪਾਣੀ ਬਰਫ ਦੇ ਪਿਘਲਣ ਕਾਰਨ ਆਉਂਦਾ ਹੈ ਅਤੇ ਬਾਕੀ ਬਾਰਿਸ਼ ਤੋਂ। ਝੀਲ ਵਿੱਚ 1680 ਫੁੱਟ ਤੱਕ 93400 ਲੱਖ ਘਣਮੀਟਰ ਪਾਣੀ ਇਕੱਠਾ ਕੀਤਾ ਜਾਂਦਾ ਹੈ। ਇਸ ਝੀਲ ਤੋਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੀ 65 ਲੱਖ ਹੈਕਟੇਅਰ ਭੂਮੀ ਦੀ ਸਿੰਚਾਈ ਹੁੰਦੀ ਹੈ। ਭਾਖੜਾ ਬੰਨ ਤੋਂ ਪੰਜਾਬ, ਹਰਿਆਣਾ, ਪੱਛਮੀ ਰਾਜਸਥਾਨ, ਚੰਡੀਗੜ ਅਤੇ ਦਿੱਲੀ ਦੇ ਮੁੱਖ ਸ਼ਹਿਰਾਂ ਦੇ ਲਈ ਪੀਣ ਦੇ ਪਾਣੀ ਦੀ ਪੂਰਤੀ ਵੀ ਕੀਤੀ ਜਾਂਦੀ ਹੈ। ਭਾਖੜਾ ਡੈਮ ਤੋਂ ਬਾਦ ਪੰਜਾਬ ਦੇ ਰੂਪਨਗਰ ਜਿਲ੍ਹੇ ਵਿੱਚ ਇੱਕ ਹੋਰ ਡੈਮ ਨੰਗਲ ਡੈਮ ਬਣਾਇਆ ਗਿਆ ਜਿਸ ਵਿੱਚ ਭਾਖੜਾ ਡੈਮ ਤੋਂ ਆਣ ਵਾਲੇ ਪਾਣੀ ਨੂੰ ਰੋਕਕੇ ਅੱਗੇ ਵੱਖ ਵੱਖ ਨਹਿਰਾਂ ਵਿੱਚ ਛੱਡਿਆ ਜਾਂਦਾ ਹੈ। ਭਾਖੜਾ ਬੰਨ ਕਾਰਨ ਰਾਸ਼ਟਰ ਵਿੱਚ ਹਰੀ ਕ੍ਰਾਂਤੀ ਦਾ ਸੁਪਨਾ ਸਾਕਾਰ ਹੋ ਸਕਿਆ ਹੈ। 283.90 ਕਰੋੜ ਰੁਪਏ ਦੀ ਲਾਗਤ ਨਾਲ ਸਾਲ 1962 ਵਿੱਚ ਬਣ ਕੇ ਤਿਆਰ ਹੋਇਆ ਭਾਖੜਾ ਬੰਨ ਉਸ ਵੇਲੇ ਏਸ਼ੀਆਂ ਵਿੱਚ ਸਭ ਤੋਂ ਉਚਾ ਅਤੇ ਵਿਸ਼ਵ ਵਿੱਚ ਦੂਜੇ ਨੰਬਰ ਤੇ ਸੀ।





ਭਾਖੜਾ ਡੈਮ ਦੇ ਦੋਨੋਂ ਪਾਸੇ ਪਾਵਰ ਪਲਾਂਟ ਬਣਾਏ ਗਏ ਹਨ ਜਿੱਥੇ ਟਰਵਾਇਨਾਂ ਰਾਹੀਂ ਬਿਜ਼ਲੀ ਪੈਦਾ ਕੀਤੀ ਜਾਂਦੀ ਹੈ ਅਤੇ ਦੇਸ਼ ਦੇ ਵੱਖ ਵੱਖ ਭਾਗਾਂ ਨੂੰ ਸਪਲਾਈ ਕੀਤੀ ਜਾਂਦੀ ਹੈ। ਪਿਛਲੇ ਕਈ ਸਾਲਾਂ ਤੋਂ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਦਾ ਬਿਜਲੀ ਉਦਪਾਦਨ ਕੇਂਦਰੀ ਬਿਜਲੀ ਅਥਾਰਟੀ (ਸੀਈਏ) ਦੁਆਰਾ ਨਿਰਧਾਰਤ ਟੀਚਿਆਂ ਤੋਂ ਲਗਾਤਾਰ ਵੱਧ ਰਿਹਾ ਹੈ। ਇਸਦਾ ਜਲ ਭੰਡਾਰਨ ਦੇਸ਼ ਦੇ ਸਭ ਤੋਂ ਵੱਡੇ ਜਲ ਭੰਡਾਰਾ ਵਿੱਚੋਂ ਇੱਕ ਹੈ। ਜਿਸਦੀ ਸਮਰੱਥਾ 9620 ਅਤੇ 8570 ਮਿਲੀਅਨ ਘਣਮੀਟਰ ਹੈ।

ਭਾਖੜਾ ਡੈਮ ਦੇ ਦੋਨਾਂ ਪਾਸੇ ਬਿਜਲੀ ਪੈਦਾ ਕਰਨ ਲਈ ਮਸ਼ੀਨਾਂ ਲਗਾਈਆਂ ਗਈਆਂ ਹਨ ਜਿੱਥੇ ਟਰਬਾਇਨਾਂ ਰਾਹੀਂ ਸਿਰਫ 20 ਪੈਸੇ ਪ੍ਰਤੀ ਯੂਨਿਟ ਦੀ ਲਾਗਤ ਨਾਲ ਬਿਜਲੀ ਦਾ ਉਤਪਾਦਨ ਕੀਤਾ ਜਾਂਦਾ ਹੈ। ਅੱਜ ਦੇ ਦਿਨ 22 ਅਕਤੂਬਰ 1963 ਨੂੰ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਸਵਰਗੀ ਜਵਾਹਰ ਲਾਲ ਨਹਿਰੂ ਵੱਲੋਂ ਇਸ ਡੈਮ ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ ਗਿਆ ਸੀ। ਭਾਖੜਾ ਬੰਨ ਅਜ਼ਾਦੀ ਤੋਂ ਬਾਅਦ ਅਜਿਹਾ ਪ੍ਰੋਜੈਕਟ ਹੈ ਜਿਸਨੂੰ ਡਾਕ ਵਿਭਾਗ ਵਲੋਂ ਦੂਸਰੇ ਸਮਾਰਕ ਟਿਕਟ ਦੇਣ ਦਾ ਸਨਮਾਨ ਦਿੱਤਾ ਗਿਆ ਹੈ।

# 24 ਅਕਤੂਬਰ, 2019 ਲਈ ਸੰਯੁਕਤ ਰਾਸ਼ਟਰ ਸੰਘ ਦੇ ਸਥਾਪਨਾ ਦਿਵਸ ਨੂੰ ਸਮਰਪਿਤ

ਸੰਯੁਕਤ ਰਾਸ਼ਟਰ ਇੱਕ ਅੰਤਰਰਾਸਟਰੀ ਸੰਗਠਨ ਹੈ ਜਿਸਦੀ ਸਥਾਪਨਾ ਅੱਜ ਦੇ ਦਿਨ 24 ਅਕਤੂਬਰ, 1945 ਨੂੰ ਹੋਈ ਸੀ ਅਤੇ ਸੰਯੁਕਤ ਰਾਸ਼ਟਰ ਦਿਵਸ ਸਭ ਤੋਂ ਪਹਿਲਾਂ 24 ਅਕਤੂਬਰ 1948 ਨੂੰ ਮਨਾਇਆ ਗਿਆ। ਜੇਕਰ ਇਤਿਹਾਸ ਵੇਖੀਏ ਤਾਂ 19ਵੀਂ ਸਦੀ ਵਿੱਚ ਯੂਰਪ ਦੇ ਕਈ ਦੇਸ਼ਾਂ ਵਿੱਚ ਮਹਾਂਯੁੱਧ ਹੋਇਆ ਜਿਸਨੂੰ ਪਹਿਲਾ ਵਿਸ਼ਵ ਯੁੱਧ ਕਿਹਾ ਜਾਂਦਾ ਹੈ ਜੋ ਕਿ 1914 ਤੋਂ ਲੈਕੇ 1918 ਤੱਕ ਚੱਲਿਆ। ਇਸ ਮਹਾਂਯੁੱਧ ਵਿੱਚ ਜਿਹੜੇ ਦੇਸ਼ ਸ਼ਾਮਿਲ ਸਨ ਉਨ੍ਹਾਂ ਦਾ ਤਾਂ ਨੁਕਸਾਨ ਹੋਇਆ ਹੀ ਸੀ ਪਰ ਜਿਹੜੇ ਸ਼ਾਮਿਲ ਵੀ ਨਹੀਂ ਸਨ ਉਨ੍ਹਾਂ ਨੂੰ ਵੀ ਕਈ ਤਰਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਯੁੱਧ ਕਾਰਨ ਹੋਣ ਵਾਲੀ ਤਬਾਹੀ ਨੂੰ ਵੇਖਦੇ ਹੋਏ ਅਤੇ ਭਵਿੱਖ ਵਿੱਚ ਇਸ ਤਬਾਹੀ ਤੋਂ ਬਚਣ ਲਈ ਇੱਕ ਅੰਤਰਰਾਸਟਰੀ ਸੰਸਥਾ ਲੀਗ ਆਫ ਨੇਸ਼ਨਜ਼ ਬਣਾਉਣ ਦਾ ਫੈਸਲਾ ਕੀਤਾ ਗਿਆ। ਲੀਗ ਆਫ ਨੇਸ਼ਨਜ਼ ਦੀ ਸਥਾਪਨਾ 28 ਜੂਨ 1919 ਨੂੰ ਫਰਾਂਸ ਵਿੱਚ ਹੋਏ ਸਮਝੋਤੇ ਅਤੇ ਦਸਤਖਤਾਂ ਤੋਂ ਬਾਦ ਹੋਈ। ਲੀਗ ਆਫ ਨੇਸ਼ਨਜ਼ ਦੀ ਸਥਾਪਨਾ ਤੋਂ ਬਾਦ ਦੋ ਦਹਾਕਿਆਂ ਤੱਕ ਯੁੱਧ ਤੋਂ ਬਚਣ ਲਈ ਬਹੁਤ ਹੀ ਕੰਮ ਕੀਤਾ ਗਿਆ। ਇਸਦਾ ਮੁੱਖ ਉਦੇਸ਼ ਅੰਤਰ ਰਾਸਟਰੀ ਝਗੜਿਆਂ ਨੂੰ ਸੁਲਝਾਉਣਾ ਸੀ। ਇਸ ਕੋਲ ਅਪਣੇ ਫੈਸਲੇ ਮਨਵਾਉਣ ਲਈ ਅਪਣੀ ਕੋਈ ਵੀ ਸੈਨਿਕ ਸ਼ਕਤੀ ਨਹੀਂ ਸੀ। ਇਸ ਦੀਆਂ ਕੋਸ਼ਿਸ਼ਾਂ ਦੇ ਬਾਬਜੂਦ ਵੀ ਕੁੱਝ ਦੇਸਾਂ ਦੇ ਝਗੜੇ ਨਿਪਟਾਉਣ ਵਿੱਚ ਇਹ ਨਾਕਾਮ ਰਿਹਾ ਅਤੇ ਸਾਲ 1939 ਵਿੱਚ ਦੂਜਾ ਵਿਸ਼ਵ ਯੁੱਧ ਲੱਗ ਗਿਆ ਜੋਕਿ 1939 ਤੋਂ 1945 ਤੱਕ ਲੱਗਭੱਗ ਛੇ ਸਾਲ ਚੱਲਿਆ ਅਤੇ ਇਸ ਵਿੱਚ ਬਹੁਤ ਹੀ ਨੁਕਸਾਨ ਹੋਇਆ। ਜਰਮਨੀ ਦੇ ਸ਼ਾਸ਼ਕ ਹਿਟਲਰ ਅਤੇ ਉਸਦੇ ਸਾਥੀਆਂ ਨੇ ਇਸ ਸੰਸਥਾ ਲੀਗ ਆਫ ਨੇਸ਼ਨਜ਼ ਦਾ ਅਧਾਰ ਹੀ ਖਤਮ ਕਰ ਦਿੱਤਾ। ਅਮਰੀਕਾ ਦੁਆਰਾ ਜਪਾਨ ਦੇ ਸ਼ਹਿਰਾਂ ਨਾਗਾਸਾਕੀ ਅਤੇ ਹਿਰੋਸ਼ੀਮਾ ਤੇ ਕੀਤੇ ਗਏ ਬੰਬ ਹਮਲਿਆਂ ਨਾਲ ਭਿਅਕਰ ਤਬਾਹੀ ਹੋਈ। ਇਸ ਤਬਾਹੀ ਨੂੰ ਵੇਖਕੇ ਅਮਨ ਪਸੰਦ ਕਈ ਰਾਸ਼ਟਰਾਂ ਨੇ ਬੈਠਕ ਕੀਤੀ ਅਤੇ ਵਿਸ਼ਵ ਸ਼ਾਂਤੀ ਲਈ ਯੋਜਨਾ ਬਣਾਈ। 25 ਅਪ੍ਰੈਲ, 1945 ਨੂੰ ਸੈਨ ਫਰਾਂਸਿਸਕੋ ਵਿੱਚ ਸੰਯੁਕਤ ਰਾਸ਼ਟਰ ਸੰਮੇਲਨ ਹੋਇਆ ਅਤੇ 24 ਅਕਤੂਬਰ 1945 ਨੂੰ ਅਧਿਕਾਰਤ ਤੋਰ ਤੇ ਸੰਯੁਕਤ ਰਾਸ਼ਟਰ ਬਣਾਇਆ ਗਿਆ। ਅਮਰੀਕਾ ਦੇ ਰਾਸ਼ਟਰਪਤੀ ਰੁਜ਼ਵੇਲਟ, ਇੰਗਲੈਂਡ ਦੇ ਪ੍ਰਧਾਨ ਮੰਤਰੀ ਚਰਚਿਲ ਅਤੇ ਰੂਸ ਦੇ ਆਗੂ ਸਟਾਲਿਨ ਦੀਆਂ ਅਣਥੱਕ ਕੋਸ਼ਿਸਾਂ ਸਦਕਾ ਹੀ 24 ਅਕਤੂਬਰ 1945 ਨੂੰ ਅਮਰੀਕਾ ਦੇ ਸਾਨ ਫਰਾਂਸਿਸਕੋ ਵਿੱਚ 50 ਦੇਸ਼ਾਂ ਨੇ ਮਿਲਕੇ ਸੰਯੁਕਤ ਰਾਸ਼ਟਰ ਸੰਘ ਦਾ ਅਪਣਾ ਸੰਵਿਧਾਨ ਬਣਾਇਆ ਜਿਸਦਾ ਮੁੱਖ ਉਦੇਸ਼ ਵੱਖ ਵੱਖ ਦੇਸ਼ਾਂ ਵਿੱਚ ਸ਼ਾਂਤਮਈ ਸਬੰਧ ਕਾਇਮ ਰੱਖਣਾ ਅਤੇ ਉਨ੍ਹਾਂ ਦੇ ਸਮਾਜਿਕ-ਆਰਥਿਕ ਵਿਕਾਸ ਲਈ ਸਹਿਯੋਗ ਕਰਨਾ ਰੱਖਿਆ ਗਿਆ। ਇਸਦੇ ਸੰਵਿਧਾਨ ਅਨੁਸਾਰ ਇਸਦਾ ਮੁੱਖ ਕੰਮ ਕਿਸੇ ਵੀ ਦੇਸ਼ ਦੁਆਰਾ ਦੂਜੇ ਤੇ ਕੀਤੇ ਜਾਣ ਵਾਲੇ ਹਮਲਿਆਂ ਨੂੰ ਰੋਕਣਾ, ਅੰਤਰਰਾਸ਼ਟਰੀ ਸੁਰੱਖਿਆ ਅਤੇ ਸ਼ਾਂਤੀ ਕਾਇਮ ਰੱਖਣਾ, ਬਰਾਬਰਤਾ ਅਤੇ ਸਵੈ ਨਿਰਣੈ ਦੇ ਅਧਿਕਾਰ ਦੇ ਅਧਾਰ ਤੇ ਵੱਖ ਵੱਖ ਦੇਸ਼ਾਂ ਵਿੱਚ ਮਿੱਤਰਤਾ ਵਾਲੇ ਸਬੰਧ ਕਾਇਮ ਕਰਨਾ, ਅੰਤਰਰਾਸ਼ਟਰੀ ਅਧਾਰ ਤੇ ਵੱਖ ਵੱਖ ਦੇਸ਼ਾਂ ਵਿੱਚ ਸਮਾਜਿਕ ਆਰਥਿਕ ਸੰਸਕ੍ਰਿਤਕ ਅਤੇ ਹੋਰ ਮਾਨਵੀ ਸਬੰਧਾ ਵਿੱਚ ਆਪਸੀ ਸਹਿਯੋਗ ਦਾ ਵਿਕਾਸ ਕਰਨਾ, ਨਸਲ, ਜਾਤਿ, ਧਰਮ, ਭਾਸ਼ਾ, ਲਿੰਗ ਆਦਿ ਦੇ ਅਧਾਰ ਤੇ ਹੋਣ ਵਾਲੇ ਵਿਤਕਰਿਆਂ ਨੂੰ ਖਤਮ ਕਰਨਾ ਅਤੇ ਮਨੁੱਖੀ ਅਧਿਕਾਰਾਂ ਦੀ ਭਾਵਨਾ ਨੂੰ ਵਿਕਸਿਤ ਕਰਨਾ। 10 ਜਨਵਰੀ, 1946 ਨੂੰ ਲੰਡਨ ਦੇ ਬੇਸਟਮਿੰਸਟਰ ਹਾਲ ਵਿੱਚ ਇਸਦਾ ਪਹਿਲਾ ਸੰਮੇਲਨ ਹੋਇਆ ਜਿਸ ਵਿੱਚ ਇਸਦਾ ਮੁੱਖ ਦੱਫਤਰ ਮੈਨਹੈਟਨ ਟਾਪੂ ਨਿਉਯਾਰਕ ਸ਼ਹਿਰ ਵਿੱਚ ਬਣਾਇਆ ਗਿਆ ਸੀ। ਇਸਤੋਂ ਇਲਾਵਾਂ ਇਸ ਦੀਆਂ ਕੁੱਝ ਸੰਸਥਾਵਾਂ ਦੇ ਦਫਤਰ ਜਨੇਵਾ, ਕੋਪਨਹੇਵਨ ਆਦਿ ਵਿੱਚ ਵੀ ਬਣਾਏ ਗਏ ਹਨ। ਸੰਯੁਕਤ ਰਾਸ਼ਟਰ ਸੰਘ ਦੀ ਸਥਾਪਨਾ ਵੇਲੇ ਸਿਰਫ 04 ਭਾਸ਼ਾਵਾਂ ਨੂੰ ਹੀ ਰਾਜ ਭਾਸਾਵਾਂ ਦਾ ਦਰਜਾ ਦਿਤਾ ਗਿਆ ਸੀ ਪਰੰਤੂ ਹੁਣ ਅਰਬੀ, ਚੀਨੀ, ਅੰਗਰੇਜੀ, ਫਰਾਂਸਿਸੀ, ਸਪੇਨੀ ਅਤੇ ਰੂਸੀ ਇਸ ਦੀਆਂ ਅਧਿਕਾਰਤ ਭਾਸ਼ਾਵਾਂ ਬਣਾਈਆਂ ਗਈਆਂ। ਭਾਰਤ ਨੇ ਬੇਸ਼ੱਕ ਹਿੰਦੀ ਨੂੰ ਰਾਜ ਭਾਸਾ ਬਣਾਉਣ ਲਈ ਪੂਰਾ ਜ਼ੋਰ ਲਗਾਇਆ ਹੋਇਆ ਹੈ ਪਰ ਅਜੇ ਤੱਕ ਹਿੰਦੀ ਨੂੰ ਇਸ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ। ਸਮੇਂ ਸਮੇਂ ਤੇ ਭਾਰਤ ਦੇ ਕਈ ਆਗੂਆਂ ਸਵਰਗੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ, ਸਵਰਗੀ ਵਿਦੇਸ਼ ਮੰਤਰੀ ਸ਼ੁਸ਼ਮਾ ਸਵਰਾਜ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਦਿ ਨੇ ਸੰਯੁਕਤ ਰਾਸ਼ਟਰ ਵਿੱਚ ਹਿੰਦੀ ਭਾਸ਼ਾ ਵਿੱਚ ਹੀ ਅਪਣਾ ਭਾਸਣ ਦਿੱਤਾ ਹੈ। ਮੌਜੂਦਾ ਸਮੇਂ ਵਿਸ਼ਵ ਦੇ ਸਾਰੇ ਮਾਨਤਾ ਪ੍ਰਾਪਤ 193 ਦੇਸ਼ ਇਸਦੇ ਮੈਂਬਰ ਹਨ। ਸੰਯੁਕਤ ਰਾਸ਼ਟਰ ਸੰਘ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਕਈ ਸ਼ਾਖਾਵਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਵਿੱਚੋਂ ਪ੍ਰਮੁੱਖ ਆਮ ਸਭਾ ਜੋਕਿ ਸੰਯੁਕਤ ਰਾਸ਼ਟਰ ਸੰਘ ਦੇ ਸਾਰੇ ਮਾਮਲਿਆਂ ਸਬੰਧੀ ਫੈਸਲੇ ਕਰਦੀ ਹੈ, ਬੱਜਟ ਨੂੰ ਪਾਸ ਕਰਦੀ ਹੈ, ਸੰਯੁਕਤ ਰਾਸ਼ਟਰ ਸੰਘ ਦੇ ਫੈਸਲਿਆਂ ਨੂੰ ਨਾਂ ਮੰਨਣ ਵਾਲੇ ਦੇਸ਼ਾਂ ਦੀ ਮੈਂਬਰਸ਼ਿਪ ਰੱਦ ਕਰਨ ਸਬੰਧੀ ਫੈਸਲਾ ਕਰਨਾ, ਨਵੇਂ ਦੇਸਾਂ ਨੂੰ ਮੈਂਬਰਸ਼ਿਪ ਦੇਣ ਸਬੰਧੀ ਫੈਸਲੇ ਕਰਨਾ ਸ਼ਾਮਿਲ ਹੇ। ਸੰਯੁਕਤ ਰਾਸ਼ਟਰ ਸੰਘ ਦੀ ਇੱਕ ਸ਼ਾਖਾ ਸੁਰੱਖਿਆ ਪ੍ਰੀਸ਼ਦ ਹੈ ਜਿਸਦੇ ਅਮਰੀਕਾ, ਰੂਸ, ਬ੍ਰਿਟੇਨ, ਫਰਾਂਸ, ਚੀਨ 05 ਸਥਾਈ ਮੈਂਬਰ ਹਨ ਅਤੇ 10 ਹੋਰ ਮੈਂਬਰਾ ਦੀ ਨਿਯੁਕਤੀ ਸਧਾਰਣ ਸਭਾ ਕਰਦੀ ਹੈ ਜਿਨ੍ਹਾ ਦਾ ਕਾਰਜਕਾਲ 02 ਸਾਲ ਤੱਕ ਹੁੰਦਾ ਹੈ ਅਤੇ ਇਨ੍ਹਾਂ ਕੋਲ ਵੀਟੋ ਅਧਿਕਾਰ ਹੁੰਦਾ ਹੈ ਅਤੇ ਇਹ ਦੇਸ਼ਾਂ ਵਿੱਚ ਯੁੱਧ ਸ਼ੁਰੂ ਹੋਣ ਦੀ ਹਾਲਤ ਵਿੱਚ ਯੁੱਧ ਰੋਕਣ ਲਈ ਯੁੱਧ ਵਿਰਾਮ ਦੇ ਆਦੇਸ਼ ਦਿੰਦੀ ਹੈ ਅਤੇ ਜੇਕਰ ਜਰੂਰਤ ਪਵੇ ਤਾਂ ਮੈਂਬਰ ਦੇਸ਼ਾਂ ਨੂੰ ਸੈਨਿਕ ਸਹਾਇਤਾ ਦਿੰਦੀ ਹੈ। ਸੰਯੁਕਤ ਰਾਸ਼ਟਰ ਸੰਘ ਦੀ ਇੱਕ ਹੋਰ ਮਹੱਤਵਪੂਰਨ ਸ਼ਾਖਾ ਅੰਤਰਰਾਸ਼ਟਰੀ ਅਦਾਲਤ ਹੈ ਜਿਸਦੇ 15 ਜੱਜ ਹੁੰਦੇ ਹਨ ਜਿਨ੍ਹਾ ਦੀ ਚੋਣ ਸਥਾਈ ਸਭਾ ਅਤੇ ਸੁਰੱਖਿਆ ਪ੍ਰੀਸ਼ਦ ਕਰਦੀ ਹੈ ਅਤੇ ਇਨ੍ਹਾਂ ਦਾ ਕਾਰਜਕਾਲ 9 ਸਾਲ ਲਈ ਹੁੰਦਾ ਹੈ ਅਤੇ ਇਨ੍ਹਾ ਵਿੱਚੋਂ ਇੱਕ ਤਿਹਾਈ ਹਰ ਤਿੰਨ ਸਾਲ ਬਦਲਦੇ ਹਨ। ਇਹ ਅਦਾਲਤ ਅੰਤਰਰਾਸਟਰੀ ਝਗੜਿਆਂ ਦਾ ਨਿਪਟਾਰਾ ਕਰਦੀ ਹੈ। ਇਨ੍ਹਾਂ ਤੋਂ ਇਲਾਵਾ ਹੋਰ ਸ਼ਾਖਾਵਾ ਸਮਾਜਿਕ-ਆਰਥਿਕ ਪ੍ਰੀਸ਼ਦ, ਨਿਆਏ ਪ੍ਰੀਸਦ, ਸਕੱਤਰ ਆਦਿ ਵੀ ਹਨ। ਸੰਯੁਕਤ ਰਾਸ਼ਟਰ ਦੀਆ ਕਈ ਹੋਰ ਸੰਸਥਾਵਾ ਵੀ ਹਨ ਜਿਨ੍ਹਾਂ ਵਿੱਚ ਵਿਸ਼ਵ ਸਿਹਤ ਸੰਗਠਨ, ਖੁਰਾਕ ਅਤੇ ਖੇਤੀ ਸੰਗਠਨ, ਸੰਯੁਕਤ ਰਾਸ਼ਟਰ ਵਿਦਿੱਅਕ ਵਿਗਿਆਨਕ ਅਤੇ ਸੰਸਕ੍ਰਿਤਿਕ ਸੰਗਠਨ, ਯੂਨੀਸੈਫ, ਅੰਤਰਰਾਸ਼ਟਰੀ ਮਜਦੂਰ ਸੰਗਠਨ, ਸ਼ਰਨਾਰਥੀਆਂ ਲਈ ਸੰਯੁਕਤ ਰਾਸਟਰ ਹਾਈ ਕਮਿਸ਼ਨਰ, ਸੰਯੁਕਤ ਰਾਸ਼ਟਰ ਮਨੁਖੀ ਅਧਿਕਾਰ ਪ੍ਰੀਸ਼ਦ ਆਦਿ ਹਨ ਜੋਕਿ ਅਪਣੇ ਅਪਣੇ ਖੇਤਰ ਵਿੱਚ ਸਫਲਤਾ ਪੂਰਬਕ ਕੰਮ ਕਰ ਰਹੀਆਂ ਹਨ। ਸੰਯੁਕਤ ਰਾਸ਼ਟਰ ਸੰਘ ਦੀਆਂ ਮੁੱਖ ਵਿਸ਼ੇਸ਼ਤਾਵਾਂ ਹਨ ਕਿ ਇਸ ਦੁਆਰਾ ਲੱਗਭੱਗ 100 ਦੇਸ਼ਾਂ ਵਿੱਚ ਜਲਵਾਯੂ ਬਦਲਾਓ ਅਤੇ ਊਰਜਾ ਬਚਾਓ ਲਈ ਪ੍ਰੋਗਰਾਮ ਚੱਲ ਰਹੇ ਹਨ, 3.6 ਕਰੋੜ ਸ਼ਰਨਾਰਥੀਆਂ ਨੂੰ ਸਹਾਇਤਾ ਦਿੱਤੀ ਜਾ ਰਹੀ ਹੈ, ਵੱਖ ਵੱਖ ਦੇਸ਼ਾਂ ਵਿੱਚ ਬੱਚਿਆਂ ਲਈ ਬਿਮਾਰੀਆਂ ਤੋਂ ਬਚਾਓ ਲਈ ਟੀਕਾਕਰਨ ਪ੍ਰੋਗਰਾਮ ਚੱਲ ਰਿਹਾ ਹੈ, ਗਰਭਵਤੀ ਮਹਿਲਾਵਾਂ ਦੀ ਸਿਹਤ ਦੀ ਸਾਂਭ ਸੰਭਾਲ ਲਈ ਪ੍ਰੋਗਰਾਮ ਚੱਲ ਰਹੇ ਹਨ, ਕਈ ਦੇਸ਼ਾਂ ਵਿੱਚ ਗਰੀਬੀ ਅਤੇ ਭੁੱਖਮਰੀ ਦੂਰ ਕਰਨ ਲਈ ਪ੍ਰੋਗਰਾਮ ਚੱਲ ਰਹੇ ਹਨ। ਸੰਯੁਕਤ ਰਾਸ਼ਟਰ ਸੰਘ ਨੇ ਲੱਗਭੱਗ 80 ਦੇਸਾਂ ਨੂੰ ਅਜ਼ਾਦ ਕਰਵਾਉਣ ਲਈ ਮੁੱਖ ਭੁਮਿਕਾ ਨਿਭਾਈ ਹੈ, ਵਿਸ਼ਵ ਦੇ 04 ਮਹਾਂਦੀਪਾਂ ਵਿੱਚ ਸ਼ਾਂਤੀ ਕਾਇਮ ਰੱਖਣ ਅਤੇ ਆਪਸੀ ਸਬੰਧ ਸੁਖਾਵੇਂ ਰੱਖਣ ਲਈ ਕੰਮ ਕੀਤਾ ਹੈ। ਪੂਰੀ ਦੁਨੀਆ ਦੇ ਜੋ ਵੀ ਲੋਕ ਬੁਨਿਆਦੀ ਅਧਿਕਾਰਾਂ ਅਤੇ ਵਿਸ਼ੇਸ ਅਧਿਕਾਰਾਂ ਦਾ ਆਨੰਦ ਮਾਣ ਰਹੇ ਹਨ ਉਹ ਸਭ ਸੰਯੁਕਤ ਰਾਸ਼ਟਰ ਸੰਘ ਵਲੋਂ ਕੀਤੀਆਂ ਗਈਆਂ ਕੋਸ਼ਿਸਾਂ ਅਤੇ ਕੰਮਾਂ ਦਾ ਹੀ ਨਤੀਜਾ ਹੈ। ਸੰਯੁਕਤ ਰਾਸਟਰ ਸੰਘ ਵਲੋਂ ਵਿਸ਼ਵ ਵਿੱਚ ਸ਼ਾਂਤੀ ਬਣਾਕੇ ਰੱਖਣ ਅਤੇ ਲੋਕਾਂ ਦੀਆਂ ਜਰੂਰਤਾਂ ਨੂੰ ਪੂਰੀਆਂ ਕਰਨ ਲਈ ਹਰ ਸੰਭਬ ਕੋਸਿਸ਼ ਕੀਤੀ ਜਾਂਦੀ ਹੈ। ਸੰਯੁਕਤ ਰਾਸ਼ਟਰ ਸੰਘ ਦੀ ਕਾਰਗੁਜ਼ਾਰੀ ਬਾਰੇ ਕਈ ਵਾਰ ਵਿਤਕਰੇ ਦੀ ਭਾਬਨਾ ਦੇ ਇਲਜਾਮ ਲੱਗਦੇ ਹਨ ਜੋਕਿ ਇਸਦੇ ਭਵਿੱਖ ਲਈ ਉਚਿੱਤ ਨਹੀਂ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਕਈ ਵਾਰ ਸੰਯੁਕਤ ਰਾਸਟਰ ਵਿੱਚ ਕੁੱਝ ਪ੍ਰਭਾਵਸਾਲੀ ਦੇਸ਼ਾਂ ਨੇ ਮਨਮਾਨੀ ਕੀਤੀ ਹੈ ਅਤੇ ਸੰਯੁਕਤ ਰਾਸਟਰ ਨੂੰ ਪ੍ਰਭਾਵਸ਼ਾਲੀ ਬਣਾਉਣ ਅਤੇ ਨਿਰਪੱਖ ਤੋਰ ਤੇ ਕੰਮ ਕਰਨ ਲਈ ਕਈ ਦੇਸ਼ ਸਮੇਂ ਸਮੇਂ ਤੇ ਮੰਗ ਕਰਦੇ ਹਨ। ਭਾਰਤ ਵਿੱਚ ਸੰਯੁਕਤ ਰਾਸ਼ਟਰ ਸੰਘ ਦੀਆਂ 26 ਵੱਖ ਵੱਖ ਏਜੰਸੀਆਂ ਕੰਮ ਕਰ ਰਹੀਆਂ ਹਨ। ਅੱਜ ਪੂਰੇ ਵਿਸ਼ਵ ਵਿੱਚ ਸੰਯੁਕਤ ਰਾਸਟਰ ਦਿਵਸ ਮਨਾਇਆ ਜਾ ਰਿਹਾ ਹੈ ਪਰ ਜਰੂਰਤ ਹੈ ਕਿ ਸੰਯੁਕਤ ਰਾਸ਼ਟਰ ਸੰਘ ਦੇ ਉਦੇਸ਼ਾਂ ਦੀ ਪੂਰਤੀ ਲਈ ਸਮੂਹ ਮੈਂਬਰ ਦੇਸ਼ ਪੂਰਾ ਸਹਿਯੋਗ ਕਰਨ ਅਤੇ ਸੰਯੁਕਤ ਰਾਸ਼ਟਰ ਸੰਘ ਬਿਨਾਂ ਕਿਸੇ ਦਬਾਓ ਅਤੇ ਪੱਖਪਾਤ ਦੇ ਕੰਮ ਕਰੇ।

– ਕੁਲਦੀਪ ਚੰਦ

# ਨੀ ਤੂੰ ਨਰਕਾਂ ਨੂੰ ਜਾਵੇਂ

ਨੀ ਤੂੰ ਨਰਕਾਂ ਨੂੰ ਜਾਵੇਂ, ਹਾਏ ਨੀ ਦਿੱਲੀ ਸਰਕਾਰੇ।
ਮੰਦਰ ਢਾਹ ਕੇ ਗੁਰਾਂ ਦਾ, ਕੀਤੇ ਕੰਮ ਬਹੁਤ ਮਾੜੇ।

ਲੈ ਕੇ ਕੋਰਟ ਦਾ ਸਹਾਰਾ, ਦਿੱਲੀ 'ਚ ਮੰਦਰ ਤੂੰ ਢਾਹਿਆ,
ਪੂਰਾ ਸੰਤ ਸਮਾਜ, ਫਿਰ ਗੁੱਸੇ ਵਿਚ ਆਇਆ,
ਜਾਮ ਸੜਕਾਂ ਤੇ ਲਾ ਕੇ, ਲੋਕੀ ਲਾਉਂਦੇ ਸੀਗੇ ਨਾਅਰੇ
ਨੀ ਤੂੰ ਨਰਕਾਂ ਨੂੰ ਜਾਵੇ ...

ਜਦੋਂ ਗੁਰੂ ਜੀ ਦੇ ਲਾਲ, ਹਾਏ ਮੈਦਾਨ ਵਿਚ ਆਏ,
ਤੇਰਾ ਸਹਿ ਕੇ ਜ਼ੁਲਮ, ਨਾ ਉਹ ਭੋਰਾ ਘਬਰਾਏ,
ਝੂਠੇ ਪਰਚੇ ਕਰਾ ਕੇ, ਸ਼ੇਰ ਜੇਲ੍ਹਾਂ ਵਿਚ ਤਾੜੇ
ਨੀ ਤੂੰ ਨਰਕਾਂ ਨੂੰ ਜਾਵੇ ...

ਮੰਦਰ ਉਸੇ ਥਾਂ ਬਣਾਉਣਾ, ਜਾਵੀਂ ਮੁੱਖ ਨਾ ਤੂੰ ਮੋੜ,
ਬਹੁਜਨ ਹੋ ਗਿਆ ਏ ਇਕੱਠਾ ਨਾ ਤੂੰ ਜਾਣੀ ਕਮਜ਼ੋਰ,
ਜਦੋਂ ਆਈ ਉਤੇ ਆਏ, ਦਿਨੇ ਦਿਖਾ ਦਿਆਂਗੇ ਤਾਰੇ।
ਨੀ ਤੂੰ ਨਰਕਾਂ ਨੂੰ ਜਾਵੇ ...

'ਰਾਜ ਸੂਦ' ਲੋਕੀ ਸਭ ਨੂੰ, ਗੱਲ ਗੁਰਾਂ ਦੀ ਸੁਣਾਵੇ,
ਰਾਜ ਭਾਗ ਤੋਂ ਬਿਨਾਂ ਨਾ, ਕੁਝ ਹੱਥ ਵਿਚ ਆਵੇ,
'ਅਸ਼ੋਕ ਦੌਲੀਕਿਆਂ' ਵਾਲਾ, ਹਾਲ ਦਿਲ ਦੇ ਸੁਣਾਵੇ
ਨੀ ਤੂੰ ਨਰਕਾਂ ਨੂੰ ਜਾਵੇ, ਹਾਏ ਨੀ ਦਿੱਲੀ ਸਰਕਾਰੇ।
ਮੰਦਰ ਢਾਹ ਕੇ ਗੁਰਾਂ ਦਾ, ਬੜੇ ਕਹਿਰ ਤੂੰ ਗੁਜ਼ਾਰੇ।
ਨੀ ਤੂੰ ਨਰਕਾਂ ਨੂੰ ਜਾਵੇਂ, ਹਾਏ ਨੀ ਮੋਦੀ ਸਰਕਾਰੇ।
ਨੀ ਤੂੰ ਨਰਕਾਂ ਨੂੰ ਜਾਵੇਂ, ਹਾਏ ਨੀ ਦਿੱਲੀ ਸਰਕਾਰੇ।

**– ਰਾਜ ਸੂਦ, ਅਸ਼ੋਕ ਦੌਲੀਕੇ**

# ਗੁਰੂ ਨਾਨਕ ਜੀ

ਗੁਰੂ ਨਾਨਕ ਜੀ ਦਾ ਦੱਸਿਆ ਰਸਤਾ

ਲੰਗਰ ਛਕਾਉਣ ਦੀ ਜਾਚ ਸਿਖਾਈ

ਉਚ ਨੀਚ ਦੀ ਸੀ ਲੀਕ ਮਿਟਾਈ

ਇੱਕੋ ਰੱਬ ਤੇ ਇਕੋ ਦੇ ਸਾਰੇ

ਗੱਲ ਗੁਰਾਂ ਨੇ ਸੀ ਸਮਝਾਈ

ਫੇ ਪਤਾ ਨਹੀਂ ਕਾਹਤੇ ਆਪਾਂ

ਵੱਡਿਆਂ ਦਿਲਾਂ 'ਚ ਪਾ ਕੇ ਬਹਿ ਗਏ ਆ

ਗੁਰੂ ਨਾਨਕ ਜੀ ਦਾ ਦੱਸਿਆ ਰਸਤਾ

ਆਪਾਂ ਭੁੱਲ ਕੇ ਬਹਿ ਗਏ ਆਂ।

ਜਦ ਤੋਂ ਗੁਰੂ ਤੋਂ ਬੇਮੁਖ ਹੋਏ

ਕਲਯੁੱਗ ਨੇ ਸਿਰ ਉਦੋਂ ਚੁੱਕਿਆ

ਹੁਣ ਤਾਂ ਕਲਯੁੱਗ ਸਿਰ ਚੜ੍ਹ ਬੋਲੇ

ਸੁੱਖ-ਚੈਨ ਇਹਨੇ ਸਾਡਾ ਲੁੱਟਿਆ

ਕਲਯੁਗ ਦੀ ਡੂੰਘੀ ਦਲਦਲ

ਦੇ ਵਿਚ ਧਸ ਕੇ ਰਹਿ ਗਏ ਆਂ

ਗੁਰੂ ਨਾਨਕ ਜੀ ਦਾ ਦੱਸਿਆ ਰਸਤਾ

ਆਪਾਂ ਭੁੱਲ ਕੇ ਬਹਿ ਗਏ ਆਂ।

ਖੁੱਝੇ ਨਾ ਮੌਕਾ ਸੰਭਲ ਅਸੀਂ ਜਾਈਏ

ਗੁਰੂ ਨਾਨਕ ਦੇ ਰਾਹ ਪੈ ਜਾਈਏ

ਤੇ ਚੱਲ ਕੇ ਗੁਰੂ ਦੇ ਰਸਤੇ 'ਤੇ ਆਪਾਂ

ਜਿਊਣਾ ਮਰਨਾ ਸਫਲ ਬਣਾਈਏ

ਨਾਮ ਤੇ ਨੇਕੀ ਦੀ ਛੱਡ ਪੱਕੀ ਦੌਲਤ

'ਧਾਮੀ' ਕੱਚੀ ਦੌਲਤ ਪਿੱਛੇ ਪੈ ਗਏ ਆਂ

ਗੁਰੂ ਨਾਨਕ ਜੀ ਦਾ ਦੱਸਿਆ ਰਸਤਾ

ਆਪਾਂ ਭੁੱਲ ਕੇ ਬਹਿ ਗਏ ਆਂ

ਉਹਦੇ ਰਸਤੇ ਅਸੀਂ ਨਹੀਂ ਤੁਰਦੇ

ਤੇ ਅਸੀਂ ਕੁਰਾਹੇ ਪੈ ਗਏ ਆਂ

ਗੁਰੂ ਨਾਨਕ ਜੀ ਦਾ ਭੁੱਲ ਰਸਤਾ।



**-ਜੁਗਿੰਦਰ ਧਾਮੀ ਪਿੱਪਲਾਂਵਾਲੀਆ**

530-844-0987

# ਅਜੀਬ ਦਸਤੂਰ

ਇਸ ਦੁਨੀਆਂ ਦੇ ਲੋਕਾਂ ਦੇ ਮੈਂ ਅੱਜ ਅਜੀਬ ਦਸਤੂਰ ਦੇਖੇ
ਫੇਸਬੁੱਕ 'ਤੇ ਪੰਜ ਸੌ ਮਿੱਤਰ ਵਾਲੇ ਗੁਆਂਢੀ ਤੋਂ ਵੀ ਦੂਰ ਦੇਖੇ।

ਕਈ ਸਹੀ ਪਤਲੂਨ ਨੂੰ ਕੱਟ ਕੇ ਪਾਉਂਦੇ ਤੇ ਕਈ ਫਟੀ ਕਮੀਜ਼ ਸਿਉਂਦੇ ਵੇਖੇ।
ਕਈ ਕੁੱਤੇ ਕੋਲੋਂ ਖੋਹ ਕੇ ਖਾਂਦੇ ਤੇ ਕਈ ਕੁੱਤੇ ਰਈਸਾਂ ਵਾਂਗ ਜਿਉਂਦੇ ਵੇਖੇ।

ਜ਼ਿੰਦਗੀ ਨੂੰ ਉਂਗਲ ਕਰਦੇ ਤੇ ਜਨਾਜ਼ੇ ਨੂੰ ਹੱਥ ਜੋੜ ਕੇ ਸਿਰ ਨਿਉਂਦੇ ਵੇਖੇ
ਗੁਰਬੇ ਨੂੰ ਰੋਟੀ ਦੇ ਨਹੀਂ ਦੇ ਸਕਦੇ, ਚਿੜੀਆਂ ਕਾਵਾਂ ਨੂੰ ਚੋਗਾ ਪਾਉਂਦੇ ਦੇਖੇ।

ਅੰਗਰੇਜ਼ਾਂ ਦੇ ਹੱਥੋਂ ਭਾਰਤ ਤਾਂ ਬਾਹਰ ਕਰ ਲਿਆ
ਇੰਡੀਆ ਨੇ ਇੰਗਲਿਸ਼ ਨੂੰ ਅਖਤਿਆਰ ਕਰ ਲਿਆ
ਮਾਂ ਬੇਬੇ ਵੀ ਹੁਣ 'ਮੌਮ' ਹੋ ਗਏ
ਸ਼ਾਮ ਲਾਲ ਮਿਸਟਰ 'ਸ਼ੌਮ' ਹੋ ਗਏ।
ਚਾਚੀ ਮਾਮੀ 'ਆਂਟੀ' ਬਣ ਗਈ
ਨੌਕਰੀ ਲਈ 'ਨੋਟ' ਗਰੰਟੀ ਬਣ ਗਈ।
ਬਾਬੂ ਜੀ, ਪਿਤਾ ਜੀ 'ਡੈਡ' ਹੋ ਗਏ
ਹੁਣ ਦਾਦੀ ਦਾਦਾ 'ਸੈਡ' ਹੋ ਗਏ।
ਬੱਚਿਆਂ ਹੱਥੋਂ ਵੀ 'ਬੁੱਕ' ਹੁਣ ਉਡ ਗਈ
ਦੁਨੀਆਂ ਸਾਰੀ 'ਫੇਸਬੁੱਕ' 'ਤੇ ਜੁੜ ਗਈ।



**-ਹਰਦੀਪ ਸਿੰਘ ਰੂਪੋਵਾਲ**

# 'ਮਾਈ ਲਵ' ਨਾਲ ਚਰਚਾ 'ਚ : ਪਰਮ ਪਰਮਿੰਦਰ

ਕਲਾ ਖਿੱਤੇ ਵਿਚ ਬਹੁਆਯਾਮੀ ਸਖ਼ਸੀਅਤ ਵਜੋਂ ਆਪਣੇ ਨਾਂਅ ਦਾ ਸ਼ੁਮਾਰ ਕਰਵਾ ਚੁੱਕਾ ਹੈ , ਪ੍ਰਤਿਭਾਵਾਨ ਨੌਜਵਾਨ ਪਰਮ ਪਰਮਿੰਦਰ, ਜਿਸ ਨੇ ਗੁਰਦਾਸ ਮਾਨ, ਦਿਲਜੀਤ ਦੁਸਾਂਝ ਜਿਹੇ ਬੇਹਤਰੀਨ ਫ਼ਨਕਾਰਾਂ ਨਾਲ ਵਿਚਰਦਿਆਂ ਜਿੱਥੇ ਬਤੌਰ ਐਂਕਰ ਇੰਟਰਨੈਸ਼ਨਲ ਪੱਧਰ ਤੇ ਆਪਣੀ ਉਮਦਾ ਕਾਬਲੀਅਤ ਦਾ ਲੋਹਾ ਮੰਨਵਾਇਆ ਹੈ, ਉਥੇ ਗਾਇਕ ਦੇ ਤੌਰ ਤੇ ਵੀ ਹਾਲ ਹੀ ਵਿਚ ਰਿਲੀਜ਼ ਹੋਏ ਆਪਣੇ ਸਿੰਗਲ ਟਰੈਕ 'ਲਾਵਾਂ' ਨਾਲ ਨਵੀਆਂ ਰਾਹਾਂ ਦਾ ਸਫਰ ਸਫਲਤਾਪੂਰਵਕ ਤੈਅ ਕੀਤਾ ਹੈ, ਪੰਜਾਬ ਤੋਂ ਲੈ ਕੇ ਸੱਤ ਸੁਮੰਦਰ ਪਾਰ ਤੱਕ ਮਾਣਮੱਤੀਆਂ ਪ੍ਰਾਪਤੀਆਂ ਆਪਣੀਆਂ ਝੋਲੀ ਪਾ ਰਿਹਾ ਇਹ ਹੋਣਹਾਰ ਐਂਕਰ, ਗਾਇਕ ਹੁਣ ਆਪਣੇ ਨਵੇਂ ਗੀਤ 'ਮਾਈ ਲਵ' ਨਾਲ ਸਰੋਤਿਆਂ, ਦਰਸਕਾਂ ਸਨਮੁੱਖ ਹੋ ਰਿਹਾ ਹੈ, ਜਿਸ ਸਬੰਧੀ ਅਹਿਮ ਪਹਿਲੂਆਂ ਨੂੰ ਲੈ ਕੇ ਉਨਾਂ ਨਾਲ ਹੋਈ ਵਿਸ਼ੇਸ਼ ਗੱਲਬਾਤ ਹੋਈ ਤਾਂ ਉਨਾਂ ਦੱਸਿਆ ਕਿ ਦਰਅਸਲ ਗਾਇਕੀ ਆਦਿ ਦਾ ਇਹ ਸਿਲਸਿਲਾ ਅਚਾਨਕ ਸ਼ੁਰੂ ਨਹੀਂ ਹੋਇਆ, ਬਲਕਿ ਇਸ ਨਵੇਂ ਅਧਿਆਏ ਲਈ ਪਿਛਲੇ ਲੰਮੇਂ ਸਮੇਂ ਤੋਂ ਰਿਆਜ਼ ਅਤੇ ਸੰਗੀਤਕ ਪਰਪੱਕਤਾਂ ਹਾਸਿਲ ਕਰਨ ਦੀ ਕਵਾਇਦ ਜਾਰੀ ਸੀ, ਪ੍ਰਮਾਤਮਾਂ ਦੀ ਬਖ਼ਸ਼ਿਸ਼ ਸਦਕਾ ਗੁਰਦਾਸ ਮਾਨ, ਦਿਲਜੀਤ ਦੁਸਾਂਝ ਜਿਹੀਆਂ ਅਜ਼ੀਮ ਹਸਤੀਆਂ ਨਾਲ ਦੁਨੀਆਂਭਰ ਵਿਚ ਸਟੇਜ਼ਾਂ ਸਾਂਝੀਆਂ ਕਰਨ ਦਾ ਅਵਸਰ ਮਿਲ ਰਿਹਾ ਹੈ, ਜਿਸ ਦੌਰਾਨ ਹੀ ਮਨ ਵਿਚ ਦੱਬੇ ਗਾਇਕੀ ਵਲਵਲੇ ਕੁਝ ਕਰ ਗੁਜਰਣ ਲਈ ਪ੍ਰੇਰ ਰਹੇ ਸਨ, ਜਿੰਨਾਂ ਨੂੰ ਪੂਰਨ ਸਿਖਲਾਈ ਪੜਾਵਾਂ ਵਿਚੋਂ ਗੁਜਾਰਣ ਬਾਅਦ ਹੀ 'ਲਾਵਾਂ' ਨਾਲ ਗਾਇਕ ਖਿੱਤੇ ਵਿਚ ਕਦਮ ਅੱਗੇ ਵਧਾ ਰਿਹਾ ਹਾਂ । ਉਨਾਂ ਅੱਗੇ ਦੱਸਿਆ ਕਿ ਸਟੇਜ਼ ਸੰਚਾਲਣ ਦੌਰਾਨ ਗੁਰਦਾਸ ਜੀ ਹਮੇਸਾ ਮੇਰੀਆਂ ਪ੍ਰਤਿਭਾਵਾਂ ਨੂੰ ਬੁਲੰਦੀਆਂ ਦੇਣ ਲਈ ਉਤਸ਼ਾਹਿਤ ਕਰਦੇ ਰਹਿੰਦੇ ਹਨ, ਜਿੰਨਾਂ ਵੱਲੋਂ ਮੇਰੇ ਦੁਆਰਾ ਅਕਸਰ ਫੁਰਸਤ ਦੌਰਾਨ ਗੁਣਗੁਣਾਏ ਜਾਣ ਵਾਲੇ ਗੀਤਾਂ ਅਤੇ ਮੇਰੀ ਅਵਾਜ਼ ਨੂੰ ਵੀ ਭਰਪੂਰ ਸਰਾਹਣਾ ਨਾਲ ਨਵਾਜ਼ਿਆ ਗਿਆ, ਜਿਸ ਦੌਰਾਨ ਹੀ ਮਨ ਵਿਚ ਗਾਇਕ ਵਜੋਂ ਗੀਤ ਸਾਹਮਣੇ ਲਿਆਉਣ ਦਾ ਜੋਸ਼ ਨਿਤਰਿਆਂ , ਜਿਸ ਸਬੰਧੀ ਮੇਰੇ ਸੁਪਨਿਆਂ ਨੂੰ ਤਾਬੀਰ ਦੇਣ ਵਿਚ ਵਿਚ ਮੇਰੇ ਬਹੁਤ ਹੀ ਕਰੀਬੀ ਮਿੱਤਰ, ਸਨੇਹੀ ਸਿਧਾਰਥ ਭਾਰਦਵਾਜ ਜੋ ਓਡੀਗੋਜ਼ ਮਿਊਜਿਕ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਹਨ , ਨੇ ਅਹਿਮ ਭੂਮਿਕਾ



ਨਿਭਾਈ, ਜਿੰਨਾਂ ਦਾ ਸਰਾਹੁਣਯੋਗ ਸਾਥ ਮਿਲ ਜਾਣ ਸਦਕਾ ਹੀ ਮੇਰਾ ਪਹਿਲਾ ਗੀਤ 'ਲਾਵਾਂ' ਅਤੇ ਹੁਣ ਦੂਜਾ ਗੀਤ 'ਮਾਈ ਲਵ' ਸਰੋਤਿਆਂ, ਦਰਸ਼ਕਾਂ ਸਨਮੁੱਖ ਹੋ ਰਿਹਾ ਹੈ। ਪੜਾਅ ਦਰ ਪੜਾਅ ਮਾਣਮੱਤੀਆਂ ਪ੍ਰਾਪਤੀਆਂ ਵੱਲ ਵਧ ਰਹੇ ਕਰਿਅਰ ਅਧੀਨ ਕਿਸੇ ਵੀ ਗੀਤ ਨੂੰ ਚੁਣਨ ਲਈ ਅਪਣਾਏ ਜਾਣ ਵਾਲੇ ਮਾਪਦੰਢਾਂ ਸਬੰਧੀ ਇਸ ਹੋਣਹਾਰ ਗਾਇਕ ਤੋਂ ਜਾਣਿਆਂ ਤਾਂ ਉਨਾਂ ਦੱਸਿਆ ਕਿ ਸਭ ਤੋਂ ਪਹਿਲਾ ਤਾਂ ਸਬਦਾਂ ਦੀ ਚੋਣ ਅਜਿਹੀ ਕਰਦਾ ਹਾਂ, ਜਿੰਨਾਂ ਨੂੰ ਹਰ ਸਰੋਤਾ ਆਪਣੇ ਪਰਿਵਾਰ ਵਿਚ ਬੈਠ ਕੇ ਸੁਣ ਸਕੇ , ਇਸ ਤੋਂ ਇਲਾਵਾ ਕੋਸ਼ਿਸ਼ ਕਰਦਾ ਹਾਂ ਮੇਰੇ ਵੱਲੋਂ ਸੰਗੀਤਕ ਮਾਰਕੀਟ ਵਿਚ ਪੇਸ਼ ਕੀਤੇ ਜਾਣ ਵਾਲਾ ਹਰ ਗੀਤ ਅਜਿਹਾ ਹੋਵੇ, ਜੋ ਨੌਜਵਾਨ ਵਰਗ ਤੋਂ ਲੈ ਹਰ ਵਰਗ ਸਰੋਤਿਆਂ ਦੀ ਪਸੰਦ ਕਸੌਟੀ ਤੇ ਖਰਾ ਉਤਰੇ। ਉਨਾਂ ਅੱਗੇ ਦੱਸਿਆ ਕਿ ਪਹਿਲੇ ਗੀਤ ਦੀ ਤਰ੍ਹਾਂ ਇਹ ਟਰੈਕ ਵੀ ਪਿਆਰ ਭਰੀਆਂ ਕੋਮਲ ਭਾਵਨਾਵਾਂ ਅਧਾਰਿਤ ਹੈ, ਜੋ ਨੌਜਵਾਨ ਮਨ੍ਹਾਂ ਦੀ ਤਰਜਮਾਨੀ ਬਹੁਤ ਹੀ ਖ਼ੂਬਸੂਰਤੀ ਅਤੇ ਭਾਵਨਾਤਮਕਤਾ ਨਾਲ ਕਰੇਗਾ। ਓਡੀਗੋਜ਼ ਮਿਊਜਿਕ ਕੰਪਨੀ ਦੁਆਰਾ ਪੇਸ਼ ਕੀਤੇ ਜਾ ਰਹੇ ਮੇਰੇ ਇਸ ਡਰੀਮ ਟਰੈਕ ਦਾ ਸੰਗੀਤ ਆਰ ਦੀਪ ਨੇ ਤਿਆਰ ਕੀਤਾ ਹੈ, ਗੀਤ ਰਚਨਾ ਮੇਰੀ ਖੁਦ ਦੀ ਹੈ, ਜਿੰਨਾਂ ਨੂੰ ਸਹਿਗਾਇਕਾਂ ਨੁਟਸ਼ਾ ਤਰੇਸਵਾਲੀ ਨੇ ਵੀ ਆਪਣੀ ਆਵਾਜ਼ ਨਾਲ ਸ਼ਿੰਗਾਰਿਆਂ ਹੈ, ਮੈਲੋਡੀਅਸ ਸਾਂਚੇ ਵਿਚ ਢਲੇ ਇਸ ਗੀਤ ਸਬੰਧਤ ਮਿਊਜਿਕ ਵੀਡੀਓ ਦਾ ਫਿਲਮਾਂਕਣ ਤਿਬਲਸ਼ੀ ਜੋਰਜੀਆਂ ਦੀਆਂ ਬੇਹੱਦ ਮਨਮੋਹਕ ਲੋਕੇਸ਼ਨਾਂ ਤੇ ਸੰਪੂਰਨ ਕੀਤਾ ਗਿਆ ਹੈ, ਜਿਸ ਨੂੰ ਨਿਰਦੇਸ਼ਿਤ ਏ.ਪੀ ਪ੍ਰੋਡੋਕਸ਼ਨ ਵੱਲੋਂ ਕੀਤਾ ਗਿਆ ਹੈ। ਉਨਾਂ ਭਵਿੱਖੀ ਯੋਜਨਾਵਾਂ ਸਬੰਧੀ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਦੱਸਿਆ ਕਿ ਗਾਇਕ ਵਜੋਂ ਪੰਜਾਬੀਅਤ ਰਸਮਾਂ ਰਿਵਾਜ਼ਾਂ ਨੂੰ ਉਭਾਰਨ ਅਤੇ ਪੱਛਮੀ ਸੱਭਿਅਤਾ ਅਧਾਰਿਤ , ਗੈਰਮਿਆਰੀ ਗੀਤਾਂ ਨੂੰ ਠੱਲ ਪਾਉਣ ਲਈ ਵਿਸ਼ੇਸ਼ ਤਰੱਦਦ ਕਰਨ ਵੱਲ ਯਤਨਸ਼ੀਲ ਹੋ ਰਿਹਾ ਹਾਂ, ਜਿਸ ਦੇ ਮੱਦੇਨਜ਼ਰ "ਮਨ ਨੂੰ ਸਕੂਨ ਦੇਣ ਵਾਲੇ ਮੋਲੋਡੀਅਸ, ਟੁੱਟ ਰਹੇ ਆਪਸੀ ਰਿਸ਼ਤਿਆਂ ਦੀਆਂ ਤੰਦਾਂ ਨੂੰ ਮੁੜ ਸੁਰਜੀਤ ਕਰਦੇ , ਪੁਰਾਤਨ ਕਦਰਾਂ , ਕੀਮਤਾਂ ਦਾ ਪ੍ਰਗਟਾਵਾ ਕਰਦੇ ਗੀਤਾਂ ਅਤੇ ਸੰਗੀਤ ਦੀ ਚੋਣ ਜਾਰੀ ਹੈ, ਜਿੰਨਾਂ ਨੂੰ ਅਗਾਂਹ ਲਗਾਤਾਰ ਸਰੋਤਿਆਂ ਸਨਮੁੱਖ ਪੇਸ਼ ਕਰਦਾ ਰਹਾਗਾਂ।

**– ਕੌਰ ਦਲਜੀਤ 91-98788-90510**

# ਵਿਰਸੇ ਨੂੰ ਸਾਂਭੀ ਬੈਠਾ ਕਹਾਣੀਕਾਰ "ਰਘਵੀਰ ਸਿੰਘ ਮਹਿਮੀ"



**ਤਸਵਿੰਦਰ ਸਿੰਘ ਬੜੈਚ**
91-98763-22677

ਸ਼ਾਹੀ ਸ਼ਹਿਰ ਪਟਿਆਲਾ ਦਾ ਬਸ਼ਿੰਦਾ ਕਹਾਣੀਕਾਰ ਰਘਵੀਰ ਸਿੰਘ ਮਹਿਮੀ ਇਕ ਅਜਿਹਾ ਸ਼ਖਸ ਹੈ, ਜਿਸ ਨੂੰ ਅਜੋਕੇ ਸਮੇਂ ਵੀ ਆਪਣੀ ਮਾਂ-ਬੋਲੀ ਨਾਲ ਪਿਆਰ ਹੈ ਅਤੇ ਉਹ ਇਸ ਦੀ ਵਿਰਾਸਤ ਨੂੰ ਸੰਭਾਲਣ ਲਈ ਵੀ ਯਤਨਸੀਲ ਹੈ। 9 ਫਰਵਰੀ 1949 ਨੂੰ ਪਿਤਾ ਸਰਦਾਰ ਅਰਜਨ ਸਿੰਘ ਡਰਾਇਵਰ (ਫੌਜੀ) ਅਤੇ ਮਾਤਾ ਅੰਗਰੇਜ ਕੌਰ ਦੇ ਘਰ ਜਨਮੇ ਰਘਵੀਰ ਸਿੰਘ ਮਹਿਮੀ ਨੂੰ ਪੁਰਾਤਨ ਵਸਤਾਂ ਜੋ ਸਾਡੇ ਤੁਹਾਡੇ ਘਰਾਂ ਵਿਚੋਂ ਲੋਪ ਹੋ ਰਹੀਆਂ ਨੇ, ਨੂੰ ਇਕੱਠੀਆਂ ਕਰਨ ਦਾ ਵਚਿੱਤਰ ਸ਼ੌਂਕ ਹੈ। ਮਹਿਮੀ ਦੇ ਰਿਸਤੀ ਖਜ਼ਾਨੇ ਵਿਚ ਕਿਸਾਨ ਵੀਰਾਂ ਦੇ ਖੇਤੀ ਸੰਦ ਜਿਵੇਂ ਸੁਹਾਗਾ, ਹਲ, ਖੁਰਪਾ, ਦਾਤੀ, ਛੱਜ, ਛਾਲਣਾ, ਖੂਹ ਦੀਆਂ ਟਿੰਡਾਂ, ਕਪਾਹ ਵੇਲਣਾ ਆਦਿ ਸਾਂਭੇ ਪਏ ਹਨ। ਇਸ ਤੋਂ ਇਲਾਵਾ ਪਿੱਤਲ ਤੇ ਕਾਂਸੀ ਦੇ ਭਾਂਡੇ ਜਿਵੇਂ ਛੰਨਾ, ਗੜਬੀ, ਕੰਗਣੀ ਵਾਲੇ ਗਿਲਾਸ, ਪਰਾਂਤ, ਬਾਟੀ, ਕੇਤਲੀ, ਕੜਛੀ, ਤੂੱਸਕ, ਵਲਟੋਹੀ, ਗਾਗਰ, ਟਿਫਨ, ਚਮਚੇ, ਖਰਲ, ਪਤੀਲੀ, ਗੜਬਾ, ਜੱਗ, ਪਿੱਤਲ ਦਾ ਸਟੋਪ, ਕੱਦੂਕਸ, ਡੋਲ ਆਦਿ ਵੀ ਪਏ ਹਨ। ਜੋ ਅੱਜ ਵੀ ਚਮਕਾਂ ਮਾਰ ਰਹੇ ਹਨ ਅਤੇ ਮਹਿਮੀ ਦੇ ਘਰ ਦੀ ਸ਼ਾਨ ਵਧਾ ਰਹੇ ਹਨ। ਇਸੇ ਤਰ੍ਹਾਂ ਹੀ ਪੇਂਡੂ ਸਵਾਣੀਆਂ ਦੀ ਕਸਰਤ ਦਾ ਸਾਧਨ ਉੱਖਲੀ-ਮੋਹਲਾ ਤੇ ਹੱਥ ਚੱਕੀ, ਜੋ ਕਿ ਹੁਣ ਮਸ਼ੀਨੀ ਯੁੱਗ ਦੀ ਭੇਂਟ ਚੜ੍ਹ ਗਏ ਹਨ, ਵੀ ਉਨ੍ਹਾਂ ਨੇ ਸਾਂਭ ਕੇ ਰੱਖੇ ਹੋਏ ਹਨ। ਪੁਰਾਣੇ ਸਮੇਂ ਵਿੱਚ ਔਰਤਾਂ ਵੱਲੋਂ ਪਹਿਨਿਆਂ ਜਾਣ ਵਾਲਾ ਸੂਫ ਦਾ ਘੱਗਰਾ ਤੇ ਫੁਲਕਾਰੀਆਂ ਵੀ ਰਘਵੀਰ ਸਿੰਘ ਨੇ ਸਾਂਭੀਆਂ ਹੋਈਆਂ ਹਨ, ਜਿਨ੍ਹਾਂ ਨੂੰ ਉਸ ਨੇ ਆਪਣੇ ਘਰ ਵਿਚ ਖੂਬਸੂਰਤ ਢੰਗ ਨਾਲ ਸਜਾਇਆ ਹੋਇਆ ਹੈ। ਰਘਵੀਰ ਸਿੰਘ ਮਹਿਮੀ ਨੇ ਗੁੱਲੀ ਡੰਡਾ, ਛਾਲਣੀ, ਮੂੜ੍ਹਾ, ਫੱਟੀ, ਸਲੇਟ, ਸਲੇਟੀ, ਦਵਾਤ, ਕਾਲੀ ਸ਼ਾਹੀ, ਨੀਲੀ ਸ਼ਾਹੀ, ਗਾਚਣੀ, ਸੇਰ ਵਾਲੇ ਵੱਟੇ, ਤੱਕੜੀ, ਪੱਖੀ, ਡੋਲ, ਅਟੇਰਨ, ਲਾਲਟੇਨ, ਚੰਗੇਰ, ਚਾਬੀ ਵਾਲੀ ਘੜੀ, ਦਰੀਆਂ, ਖੇਸੀਆਂ, ਕੁੰਡੀ-ਸੋਟਾ, ਘੜਾ, ਸੁਰਾਹੀ, ਨਸਵਾਰ ਵਾਲੀ ਡੱਬੀ, ਟਾਈਮ ਪੀਸ, ਟੈਲੀਫੋਨ ਸੈਟ, ਪੀੜ੍ਹੀ, ਇੰਨੂੰਆ, ਡੋਲ, ਰੋਪੜੀ ਜਿੰਦਾ, ਹਰਮੋਨੀਅਮ, ਟਰੰਕ, ਬਾਣ ਵਾਲਾ ਮੰਜਾ ਤੇ ਆਪਣੇ ਵੱਡੇ-ਵਡੇਰਿਆਂ ਦੀਆਂ ਹੋਰ ਨਿਸ਼ਾਨੀਆਂ ਵੀ ਫੁੱਲਾਂ ਵਾਂਗ ਸਾਂਭ ਕੇ ਰੱਖੀਆਂ ਹੋਈਆਂ ਹਨ। ਇਥੇ ਹੀ ਬੱਸ ਨਹੀਂ, ਉਸਨੇ ਸ਼ੌਂਕ ਨੂੰ ਹੋਰ ਵਧਾਉਂਦੇ ਹੋਏ ਭਾਰਤ ਸਮੇਤ ਵੱਖ-ਵੱਖ ਦੇਸਾਂ ਦੀਆਂ ਡਾਕ ਟਿਕਟਾਂ ਵੀ ਇਕੱਠੀਆਂ ਕੀਤੀਆਂ ਹੋਈਆਂ ਹਨ। ਰਘਵੀਰ ਸਿੰਘ ਮਹਿਮੀ ਨੂੰ ਸੰਗੀਤ ਨਾਲ ਵੀ ਅਥਾਂਹ ਪਿਆਰ ਹੈ, ਟਿਊਬਾਂ ਵਾਲੇ ਰੇਡੀਓ, ਰੇਡੀਓ ਲਾਇਸੈਂਸ, ਟੇਪ ਰਿਕਾਰਡ, ਕੈਸਟਾਂ, ਗਰਾਮੋਫੋਨ ਮਸ਼ੀਨਾਂ ਤੇ ਰਿਕਾਰਡ ਵੀ ਉਸ ਦੇ ਵਿਰਾਸਤੀ ਮਿਊਜੀਅਮ ਦਾ ਸ਼ਿੰਗਾਰ ਹਨ। ਸਾਡੇ ਘਰਾਂ ਵਿੱਚ ਕੁੱਝ ਪੁਰਾਣੇ ਸਿੱਕੇ ਜਰੂਰ ਈ ਪਏ



ਹੁੰਦੇ ਨੇ ਜੋ ਹੁਣ ਵਰਤੋਂ ਵਿਚ ਨਹੀਂ ਆਉਂਦੇ, ਪਰ ਕਦੇ ਕੋਈ ਵਕਤ ਹੋਵੇਗਾ, ਜਦ ਉਹਨਾਂ ਦਾ ਬੜਾ ਮੁੱਲ ਸੀ। ਉਹ ਵੀ ਕਿਸੇ ਟਕਸਾਲ 'ਚੋਂ ਬਣ ਕੇ ਚਮ-ਚਮਾਉਂਦੇ ਹੋਏ ਬਾਜ਼ਾਰ ਵਿੱਚ ਆਏ ਹੋਣਗੇ। ਅੱਜ ਬੇਸ਼ੱਕ ਉਹਨਾ ਦਾ ਚੱਲਣਾ ਬੰਦ ਹੋ ਗਿਆ ਹੈ, ਪਰ ਰਘਵੀਰ ਸਿੰਘ ਮਹਿਮੀ ਨੇ ਇਹੋ ਜਿਹੇ ਪੁਰਾਤਨ ਤੇ ਦੁਰਲੱਭ ਸਿੱਕਿਆਂ ਨੂੰ ਅੰਜ ਵੀ ਸੰਭਾਲ ਕੇ ਰੱਖਿਆ ਹੋਇਆ ਹੈ। ਉਸ ਕੋਲ ਭਾਰਤ ਦੇ ਗਲੀ ਵਾਲੇ ਪੈਸੇ, ਡਬਲੀ ਪੈਸੇ, ਨਵਾਂ ਪੈਸਾ, ਆਨਾ, ਦੋ ਪੈਸੇ, ਚੁਆਨੀ, ਅਠਿਆਨੀ, ਇਕ ਪੈਸਾ, ਟਕੇ, ਧੇਲੇ ਅਤੇ 1 ਰੁਪਿਆ, 2 ਰੁਪਏ, 5 ਰੁਪਏ, 10 ਰੁਪਏ ਦੇ ਕਰੰਸੀ ਨੋਟ ਮੌਜੂਦ ਹਨ। ਇਸ ਖਜ਼ਾਨੇ ਨੂੰ ਸੰਭਾਲਣ ਵਿੱਚ ਉਸ ਦੇ ਦੋਵੇਂ ਬੇਟੇ ਸਤਨਾਮ ਸਿੰਘ ਤੇ ਡਾਕਟਰ ਜਗਜੀਤ ਸਿੰਘ ਸਹਿਯੋਗ ਦਿੰਦੇ ਹਨ। ਰਘਵੀਰ ਸਿੰਘ ਮਹਿਮੀ ਦੀ ਅਦਬੀ ਖੇਤਰ ਵਿੱਚ ਇੱਕ ਵੱਖਰੀ ਪਛਾਣ ਹੈ। ਉਸ ਦੀਆਂ ਲਿਖੀਆਂ ਮਿੰਨੀ ਕਹਾਣੀਆਂ ਸਮੇਂ ਸਮੇਂ ਤੇ ਅਖ਼ਬਾਰਾਂ, ਰਸਾਲਿਆਂ 'ਚ ਛਪਦੇ ਰਹਿੰਦੇ ਹਨ। ਉਸ ਨੇ ਗਗਨ ਮੇ ਥਾਲ (ਮਿੰਨੀ ਕਹਾਣੀ ਸੰਗ੍ਰਹਿ), ਚੰਗੇਰ (ਮਿੰਨੀ ਕਹਾਣੀ ਸੰਗ੍ਰਹਿ), ਤਿੜਕ (ਮਿੰਨੀ ਕਹਾਣੀ ਸੰਗ੍ਰਹਿ), ਤੇਰੀਆਂ ਮੇਰੀਆਂ ਬਾਤਾਂ (ਮਿੰਨੀ ਕਹਾਣੀ ਸੰਗ੍ਰਹਿ), ਤੇਰੇ ਜਾਣ ਤੋਂ ਬਾਅਦ (ਮਿੰਨੀ ਕਹਾਣੀ ਸੰਗ੍ਰਹਿ) ਆਦਿ ਪੁਸਤਕਾਂ ਲਿਖਕੇ ਪੰਜਾਬੀ ਸਾਹਿਤ ਦਾ ਖਜ਼ਾਨਾ ਭਰਪੂਰ ਕੀਤਾ ਹੈ। ਰਘਵੀਰ ਸਿੰਘ ਮਹਿਮੀ ਵੱਲੋਂ ਸੰਭਾਲੀਆਂ ਗਈਆਂ ਇਹ ਵਸਤੂਆਂ ਉਨ੍ਹਾਂ ਲੋਕਾਂ ਨੂੰ ਬਹੁਤ ਵੱਡਾ ਸੁਨੇਹਾ ਦੇ ਰਹੀਆਂ ਹਨ। ਜਿਹੜੇ ਆਪਣੇ ਮਾਤਾ-ਪਿਤਾ ਨੂੰ ਦੇਖ ਕੇ ਰਾਜੀ ਨਹੀਂ ਹਨ ਅਤੇ ਕੁੱਝ ਉਹ ਵੀ ਲੋਕ ਹਨ ਜਿਨ੍ਹਾਂ ਨੇ ਆਪਣੇ ਮਾਤਾ-ਪਿਤਾ ਦੀਆਂ ਨਿਸ਼ਾਨੀਆਂ ਨੂੰ ਸਾਂਭ ਕੇ ਰੱਖਿਆ ਹੋਇਆ ਹੈ, ਜਿਨ੍ਹਾਂ ਦਾ ਅੱਜ ਦੇ ਸਮੇਂ ਵਿਚ ਭਾਂਵੇ ਕੋਈ ਮੁੱਲ ਨਹੀਂ , ਪਰ ਦੂਜੇ ਪਾਸੇ ਜੇਕਰ ਵਿਰਸੇ ਨੂੰ ਇਤਿਹਾਸ ਨਾਲ ਜੋੜੀਏ ਤਾਂ ਇਨ੍ਹਾਂ ਦਾ ਕੋਈ ਮੁੱਲ ਪਾ ਵੀ ਨਹੀਂ ਸਕਦਾ।ਪਰ ਇਹ ਗੱਲਾਂ ਸਾਨੂੰ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਦੱਸਣੀਆਂ ਪੈਣਗੀਆਂ ਤਾਂ ਹੀ ਸਾਡਾ ਇਤਿਹਾਸ ਅਤੇ ਅਮੀਰ ਵਿਰਸਾ ਚੱਲਦਾ ਰਹੇਗਾ। ਰਘਵੀਰ ਸਿੰਘ ਮਹਿਮੀ ਦੇ ਇਸ ਸ਼ੌਕ ਦਾ ਮਕਸਦ ਸਾਫ ਹੈ। ਉਹ ਚਹੁੰਦਾ ਹੈ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਾਡੇ ਵਿਰਸੇ ਨੂੰ ਮਾਣ ਵੀ ਸਕਣ ਅਤੇ ਇਸ ਉੱਪਰ ਮਾਣ ਕਰ ਵੀ ਸਕਣ। ਜਿਸ ਉੱਤੇ ਵੱਡੇ-ਵਡੇਰਿਆਂ ਨੂੰ ਕਦੇ ਮਾਣ ਸੀ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**


Kashmiri Bhatia & his wife

# K&K AUTO REPAIR
## and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust





ਮੱਖਣ ਸਿੰਘ ਬੈਂਸ

# ਬੰਦੀ- ਛੋੜ ਦਿਵਸ ਦੀ
# ਦੇਸ਼-ਵਿਦੇਸ਼ ਵਿਚ ਵੱਸਦੀਆਂ
# ਗੁਰੂ ਨਾਨਕ ਨਾਮ ਲੇਵਾ
# ਸਿੱਖ ਸੰਗਤਾਂ ਅਤੇ
# ਸਮੂਹ ਲੋਕਾਈ ਨੂੰ
# ਲੱਖ-ਲੱਖ ਵਧਾਈ



ਗਿਆਨੀ ਰਵਿੰਦਰ ਸਿੰਘ


Toll Free 1-866-FOR-RAJA
www.rajasweets.com
msbains@rajasweets.com

Follow us on:

# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

**Fresh Sweets, Snacks & Food**

**Catering for All occasions up to 10000 guests**

**Lunch - Dinner - Take Out - Banquets**

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com

ਪੂਜਾ ਅਕਾਲ ਕੀ — ਪਰਚਾ ਸ਼ਬਦ ਕਾ — ਦੀਦਾਰ ਖਾਲਸੇ ਕਾ




## ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਵਸ ਨੂੰ ਸਮਰਪਿਤ

# ਯੂਬਾ ਸਿਟੀ ਦਾ 40ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## 03 ਨਵੰਬਰ 2019 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ

**ਸਮੂਹ ਨਾਨਕ ਨਾਮ ਲੇਵਾ ਸੰਗਤਾਂ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿੱਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂਘਰ ਦੀਆਂ ਰੌਣਕਾਂ ਵਧਾਉ ਅਤੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ**

## ਪ੍ਰੋਗਰਾਮ ਦਾ ਵੇਰਵਾ

### ਅਖੰਡ ਪਾਠ ਸਾਹਿਬ ਦੀ ਲੜੀ

ਅਖੰਡ ਪਾਠ ਸਾਹਿਬ ਦੀ ਲੜੀ:- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 12 ਸਤੰਬਰ ਤੋਂ ਸ਼ੁਰੂ ਹੈ ਜਿਸਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ ਸਮੂਹ ਸਾਧ ਸੰਗਤ ਵੱਲੋਂ 01 ਨਵੰਬਰ ਦਿਨ ਸ਼ੁੱਕਰਵਾਰ ਤੋਂ ਆਰੰਭ ਹੋ ਕੇ 03 ਨਵੰਬਰ ਦਿਨ ਐਤਵਾਰ ਨੂੰ ਸਵੇਰੇ 7:30 ਵਜੇ ਭੋਗ ਪੈਣਗੇ।

### ਵਿਸ਼ੇਸ਼ ਢਾਡੀ ਦਰਬਾਰ

12 ਅਕਤੂਬਰ ਦਿਨ ਸ਼ਨਿੱਚਰਵਾਰ
ਸ਼ਾਮ 6:00 ਵਜੇ ਤੋਂ 10:00 ਵਜੇ ਤੱਕ

### ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ

13 ਅਕਤੂਬਰ ਦਿਨ ਐਤਵਾਰ,
ਸ਼ਾਮ 6:30 ਵਜੇ ਤੋਂ ਰਾਤ 10 ਵਜੇ ਤੱਕ

### ਵਿਸ਼ੇਸ਼ ਕਵੀ ਦਰਬਾਰ

19 ਅਕਤੂਬਰ ਦਿਨ ਸ਼ਨੀਵਾਰ ਸ਼ਾਮ 6:00 ਵਜੇ ਤੋਂ 10 ਵਜੇ ਤੱਕ

### ਸਥਾਪਨਾ ਦਿਵਸ

ਸਾਧ ਸੰਗਤ ਜੀ ਨਿਮਰਤਾ ਸਹਿਤ ਬੇਨਤੀ ਹੈ ਕਿ ਗੁਰਦਵਾਰਾ ਸਾਹਿਬ ਦੇ 50ਵੇਂ ਸਥਾਪਨਾ ਦਿਵਸ ਦੀ ਖੁਸ਼ੀ ਵਿੱਚ 26 ਅਕਤੂਬਰ ਸ਼ਨੀਵਾਰ ਤੋਂ 28 ਅਕਤੂਬਰ ਸੋਮਵਾਰ ਤੱਕ 1 ਅਖੰਡ ਪਾਠ ਸਾਹਿਬ ਦੀ ਸੇਵਾ ਆਪ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਮੂਹ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ ਵੱਲੋਂ ਹੋਵੇਗੀ। ਭੋਗ ਉਪਰੰਤ ਵਿਸ਼ੇਸ਼ ਕੀਰਤਨ ਦੀਵਾਨ ਸਜਣਗੇ।

### ਬੰਦੀ ਛੋੜ ਦਿਵਸ (ਦੀਵਾਲੀ)

ਅਕਤੂਬਰ 27 ਦਿਨ ਐਤਵਾਰ ਨੂੰ ਸ਼ਾਮ 6:00 ਵਜੇ ਤੋਂ ਰਾਤ 10:30 ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ ਸਜਣਗੇ ਅਤੇ ਦੀਪਮਾਲਾ ਹੋਵੇਗੀ।

### ਆਤਿਸ਼ਬਾਜ਼ੀ

ਨਗਰ ਕੀਰਤਨ ਦੀ ਖੁਸ਼ੀ ਵਿੱਚ 01 ਨਵੰਬਰ, ਦਿਨ ਸ਼ੁਕਰਵਾਰ ਨੂੰ ਰਾਤ 8:00 ਵਜੇ ਆਤਿਸ਼ਬਾਜ਼ੀ ਕੀਤੀ ਜਾਵੇਗੀ।

### ਅੰਮ੍ਰਿਤ ਸੰਚਾਰ

2 ਨਵੰਬਰ 2019 ਦਿਨ ਸ਼ਨਿੱਚਰਵਾਰ ਸਵੇਰੇ 05:00 ਵਜੇ ਅੰਮ੍ਰਿਤ ਸੰਚਾਰ ਆਰੰਭ ਹੋਵੇਗਾ। ਅੰਮ੍ਰਿਤ ਅਭਿਲਾਖੀ ਸੰਗਤਾਂ ਆਪਣੇ ਨਾਮ ਭਾਈ ਬਲਜੀਤ ਸਿੰਘ ਜੀ ਹੈੱਡ ਗ੍ਰੰਥੀ ਕੋਲ ਲਿਖਵਾ ਕੇ ਕਕਾਰ ਪ੍ਰਾਪਤ ਸਕਦੀਆ ਹਨ।

### ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ

ਚੋਲੇ ਦੀ ਸੇਵਾ 02 ਨਵੰਬਰ, ਦਿਨ ਸ਼ਨਿੱਚਰਵਾਰ ਨੂੰ ਸਵੇਰੇ 9:00 ਵਜੇ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ।

### ਲੈਕਚਰ ਸ਼ੈਸ਼ਨ ਸੈਮੀਨਾਰ

ਨਵੰਬਰ 02 ਦਿਨ ਸ਼ਨਿੱਚਰਵਾਰ ਨੂੰ ਦਸ਼ਮੇਸ਼ ਹਾਲ ਵਿੱਚ ਬਾਅਦ ਦੁਪਿਹਰ 1:00 ਵਜੇ ਤੋਂ 4:00 ਵਜੇ ਤੱਕ

### ਸੁੰਦਰ ਦਸਤਾਰ ਮੁਕਾਬਲਾ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਯੂਬਾ ਸਿਟੀ ਦੇ ਨਗਰ ਕੀਰਤਨ ਦੀ ਖੁਸ਼ੀ ਵਿੱਚ ਸਾਹਿਬਜਾਦਾ ਅਜੀਤ ਸਿੰਘ ਕੱਲਬ ਵੱਲੋਂ ਸੁੰਦਰ ਦਸਤਾਰ ਮੁਕਾਬਲਾ 02 ਨਵੰਬਰ, ਦਿਨ ਸ਼ਨਿੱਚਰਵਾਰ ਨੂੰ 11:00 ਵਜੇ ਕਰਵਾਇਆ ਜਾ ਰਿਹਾ ਹੈ। ਜੇਤੂਆਂ ਨੂੰ ਸ਼ੀਲਡਾਂ ਅਤੇ ਨਗਦ ਇਨਾਮ ਦਿੱਤਾ ਜਾਵੇਗਾ।

### ਰੈਣ ਸਬਾਈ ਕੀਰਤਨ

02 ਨਵੰਬਰ ਸ਼ਨੀਵਾਰ ਸ਼ਾਮ 6.00 ਵਜੇ ਤੋਂ ਰਾਤ 01.00 ਵਜੇ ਤੱਕ ਹੋਵੇਗਾ, ਜਿਸ ਵਿੱਚ ਪ੍ਰਸਿੱਧ ਰਾਗੀ ਜਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ।

**ਪਹੁੰਚ ਰਹੇ ਰਾਗੀ ਜੱਥੇ ਅਤੇ ਪ੍ਰਚਾਰਕ:-** ਭਾਈ ਜੁਝਾਰ ਸਿੰਘ ਜੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ), ਭਾਈ ਕੁਲਦੀਪ ਸਿੰਘ ਟੋਹਾਣੇ ਵਾਲੇ, ਭਾਈ ਜਸਵੰਤ ਸਿੰਘ ਜੀ ਜੀਰਾ, ਭਾਈ ਮਲਕੀਤ ਸਿੰਘ ਜੀ ਲੁਧਿਆਣੇ ਵਾਲੇ, ਭਾਈ ਮਨੋਹਰ ਸਿੰਘ ਜੀ ਦਿੱਲੀ ਵਾਲੇ (ਹਜ਼ੂਰੀ ਰਾਗੀ ਗੁਰਦਵਾਰਾ ਸਾਹਿਬ ਯੂਬਾ ਸਿਟੀ), ਗਿਆਨੀ ਲਖਵਿੰਦਰ ਸਿੰਘ ਜੀ ਸੋਹਲ ਦਾ ਢਾਡੀ ਜਥਾ, ਕਥਾਵਾਚਕ ਭਾਈ ਹਰਜਿੰਦਰ ਸਿੰਘ ਸਭਰਾ ਜੀ ਆਪ ਸਮੂਹ ਸਾਧ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ।

*ਨੋਟ:-ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ, ਗੱਡੀਆਂ ਦੀ ਪਾਰਕਿੰਗ ਸਿਰਫ਼ ਨਿਯਤ ਜਗ੍ਹਾ 'ਤੇ ਹੀ ਕੀਤੀ ਜਾਵੇ ਜੀ।*
*ਰਿਵਰ ਵੈਲੀ ਹਾਈ ਸਕੂਲ 801 El Margarita Rd, Yuba City, CA 95993 ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6.30 ਵਜੇ ਤੱਕ ਫਰੀ ਬੱਸਾਂ ਦਾ ਪ੍ਰਬੰਧ ਹੋਵੇਗਾ*

## ਨਗਰ ਕੀਰਤਨ 'ਚ ਫਲੋਟ ਸ਼ਾਮਲ ਕਰਨ ਅਤੇ ਹੋਰ ਜਾਣਕਾਰੀ ਲੈਣ ਲਈ ਇਨ੍ਹਾਂ ਨੰਬਰਾਂ ਤੇ ਕਾਲ ਕਰ ਸਕਦੇ ਹੋ

- ਹੈਡ ਗ੍ਰੰਥੀ ਭਾਈ ਬਲਜੀਤ ਸਿੰਘ ਜੀ:- 530-673-9918
- ਪ੍ਰਧਾਨ ਸ. ਜਸਵੰਤ ਸਿੰਘ ਬੈਂਸ 530-701-3971
- ਸੈਕਟਰੀ ਸ. ਸਰਬਜੀਤ ਸਿੰਘ ਥਿਆੜਾ 530-682-5861
- ਖਜਾਨਚੀ ਸ. ਹਰਮਿੰਦਰ ਸਿੰਘ 530-682-2484